PUNJABI

# The Spoken Word

by

WILLIAM MARRION BRANHAM

## ਪਰਮੇਸ਼ੁਰਤਾਈ ਨੂੰ ਸਮਝਣਾ
## (UNDER STANDING THE GOD HEAD)

## ਸਲਾਮ
## (THE SALUTATION)

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

# ਪਰਮੇਸ਼ੁਰਤਾਈ ਨੂੰ ਸਮਝਣਾ
# (UNDER STANDING THE GOD HEAD)
## ਸਲਾਮ
## (THE SALUTATION)

ਪਰਕਾਸ਼ ਦੀ ਪੋਥੀ ੧:੪–੬ ਲਿਖਤੁਮ ਯੂਹੰਨਾ, ਅੱਗੇ ਜੋਗ ਉਨ੍ਹਾਂ ਸੱਤਾਂ ਕਲੀਸਿਯਾਂ ਨੂੰ ਜਿਹੜੀਆਂ ਅਸਿਆ ਵਿੱਚ ਹਨ ਉਹਦੀ ਵਲੋ– ਜਿਹੜਾ ਹੈ ਅਤੇ ਜਿਹੜਾ ਹੈ ਸੀ ਅਤੇ ਜਿਹੜਾ ਆਉਣ ਵਾਲਾ ਹੈ ਕਿਰਪਾ ਅਤੇ ਸਾਂਤੀ ਤੁਹਾਨੂੰ ਹੋਵੇ। ਨਾਲੇ ਉਹਨਾਂ ਸੱਤਾਂ ਆਤਮਿਆਂ ਦੀ ਵਲੋਂ ਜਿਹੜੇ ਉਹਦੇ ਸਿੰਘਾਸਣ ਦੇ ਅੱਗੇ ਹਨ। ਨਾਲੇ ਯਿਸੂ ਮਸੀਹ ਦੀ ਵਲੋਂ ਜਿਹੜਾ ਸੱਚਾ ਗਵਾਹ ਅਤੇ ਮੁਰਦਿਆਂ ਵਿੱਚੋਂ ਜੇਠਾ ਅਤੇ ਧਰਤੀ ਦੇ ਰਾਜਿਆਂ ਦਾ ਹਾਕਮ ਹੈ। ਉਹਦੀ ਜਿਹੜਾ ਸਾਡੇ ਨਾਲ ਪ੍ਰੇਮ ਕਰਦਾ ਅਤੇ ਜਿਹਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਦਿੱਤਾ। ਅਤੇ ਉਸ ਨੇ ਸਾਨੂੰ ਇੱਕ ਪਾਤਸ਼ਾਹੀ ਬਣਾਇਆ ਭਈ ਅਸੀਂ ਉਹਦੇ ਪਰਮੇਸ਼ੁਰ ਅਤੇ ਪਿਤਾ ਲਈ ਜਾਜਕ ਬਣੀਏ, ਉਸੇ ਦੀ ਮਹਿਮਾ ਅਤੇ ਪ੍ਰਾਕਰਮ ਜੁੱਗੋ ਜੁੱਗ ਹੋਵੇ। ।।ਆਮੀਨ।।

ਸ਼ਬਦ ਆਸਿਆ ਅਸਲ ਵਿੱਚ Asiaminor ਛੋਟਾ ਆਸਿਆ ਹੈ। ਇਹ ਇੰਡੀਆਨਾ ਪ੍ਰਾਂਤ ਦੇ ਲਗਭਗ ਅਕਾਰ ਦੇ ਬਰਾਬਰ ਦਾ ਧਰਤੀ ਦਾ ਛੋਟਾ ਹਿੱਸਾ ਹੈ। ਦੂਜੀਆਂ ਕਲੀਸੀਯਾਂ ਨਾਲੋਂ ਇਹ ਸੱਤ ਕਲੀਸੀਯਾਂ ਜੋ ਉਥੇ ਸਨ ਏਹਨਾਂ ਨੂੰ ਖਾਸ ਕਰਕੇ ਏਹਨਾਂ ਦੀਆਂ ਵਿਸ਼ੇਸ਼ਤਾਈਆ ਦੇ ਕਾਰਨ ਲਿਆ ਗਿਆ, ਸਦੀਆਂ ਬਾਦ ਆਉਣ ਵਾਲੇ ਯੁੱਗਾਂ ਦੇ ਵਿੱਚ ਏਹੋ ਹੀ ਗੁਣ ਅਤੇ ਖੂਬੀਆਂ ਏਹਨਾਂ ਕਲੀਸੀਯਾ ਵਿੱਚ ਪਾਈਆਂ ਜਾਣਗੀਆਂ।

ਸੱਤ ਆਤਮੇ ਜਿਹੜੇ ਸਿੰਘਾਸਣ ਦੇ ਸਾਹਮਣੇ ਹਨ ਉਹ ਆਤਮਾ ਹੈ ਜੋ ਕਿ ਉਹਨਾਂ ਸੱਤਾਂ ਪਰਚਾਰਕਾਂ ਵਿਚੋਂ ਹਰੇਕ ਦੇ ਅੰਦਰ ਸੀ, ਹਰੇਕ ਯੁੱਗ ਵਿੱਚ ਜਿਹਨਾਂ ਦੇ ਅੰਦਰ ਉਹ ਦੂਤ ਰਿਹਾ ਉਹਦੀ ਸੇਵਾ ਇਸ ਆਤਮਾ ਨੇ ਉਹਨੂੰ ਬਖਸ਼ੀ।

ਹੁਣ ਇਹ ਸਾਰਾ ਵਰਨਣ, 'ਜੋ ਹੈ', ਅਤੇ 'ਜਿਹੜਾ ਹੈਸੀ', ਅਤੇ 'ਜੋ ਆਉਣ ਵਾਲਾ ਹੈ, ਅਤੇ 'ਸੱਚਾ ਗਵਾਹ', ਅਤੇ 'ਮੁਰਦਿਆਂ ਵਿੱਚੋਂ ਜੇਠਾ', ਅਤੇ 'ਧਰਤੀ ਦੇ ਰਾਜਿਆਂ ਦਾ ਹਾਕਮ ਹੈ', ਅਤੇ 'ਅਲਫਾ ਤੇ ਉਮੇਗਾ', ਅਤੇ 'ਸਰਬ ਸ਼ਕਤੀਮਾਨ', ਇਹ ਸਭ ਖਿਤਾਬ ਅਤੇ ਵਰਨਣ ਇੱਕਲੇ ਉਸੇ ਹੀ ਇੱਕੋ ਵਿਅਕਤੀ ਦੇ ਹਨ, ਜੋ ਕਿ ਪ੍ਰਭੂ ਯਿਸੂ ਮਸੀਹ ਹੈ, ਜਿਹਨੇ ਆਪਣੇ ਲਹੂ ਨਾਲ ਸਾਨੂੰ ਸਾਡੇ ਪਾਪੋਂ ਤੋਂ ਧੋਅ ਦਿੱਤਾ ਹੈ।

ਪਰਮੇਸ਼ੁਰ ਦਾ ਆਤਮਾ ਯੂਹੰਨਾਂ ਦੇ ਵਿੱਚੋਂ ਦੀ ਯਿਸੂ ਮਸੀਹ ਨੂੰ ਪਰਮੇਸ਼ੁਰ ਦਾ ਉਚੱ ਤੇ ਉੱਤਮ ਰੂਪ ਵਿਖਾਉਣ ਲਈ ਅਤੇ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਨੂੰ ਇੱਕ ਪਰਮੇਸ਼ੁਰ ਕਰਕੇ ਪ੍ਰਗਟ ਕਰਨ ਨੂੰ ਏਦਾਂ ਵਰਨਣ ਕਰਦਾ ਹੈ। ਅੱਜ ਦੇ ਦਿਨ ਜੋ ਵੱਡੀ ਗਲਤੀ ਹੈ। ਅਤੇ ਉਹ ਇਹ ਹੈ ਕਿ ਉਹ ਬਜਾਏ ਇੱਕ ਪਰਮੇਸ਼ੁਰ ਨੂੰ ਮੰਨਣ ਦੇ ਤਿੰਨ

ਮੰਨਦੇ ਹਨ। ਅਤੇ ਇਹ ਪਰਕਾਸ਼ ਜੋ ਯਿਸੂ ਨੇ ਆਪ ਯੂਹੰਨਾਂ ਨੂੰ ਦਿੱਤਾ ਇਸ ਗਲਤੀ ਨੂੰ ਸੁਧਾਰਦਾ ਹੈ। ਇਹ ਨਹੀ ਕਿ ਤਿੰਨ ਪਰਮੇਸ਼ੁਰ ਹਨ ਪਰ ਉਹ ਤਾਂ ਇੱਕ ਹੈ, ਤੇ ਉਹਦੇ ਤਿੰਨ ਦਫਤਰ ਹਨ। ਕੇਵਲ ਇਕੋ ਹੀ ਪਰਮੇ ਸ਼ੁਰ ਹੈ ਤੇ ਉਹਦੇ ਤਿੰਨ ਆਹੁਦੇ ਪਿਤਾ, ਪੁੱਤਰ ਅਤੇ ਪਵਿਤ੍ਰ ਆਤਮਾ ਹੈ। ਇਹ ਉਹ ਮਹਾਨ ਪਰਕਾਸ਼ ਹੈ ਜਿਹੜਾ ਪਹਿਲੀ ਕਲੀਸੀਯਾ ਦੇ ਕੋਲ ਸੀ, ਅਤੇ ਪਾਣੀ ਦੇ ਬਪਤਿਸਮੇ ਦੇ ਸਹੀ ਤਰੀਕੇ ਦੇ ਨਾਲ ਇਸ ਅੰਤ ਸਮੇਂ ਦੇ ਯੁੱਗ ਵਿੱਚ ਇਸ ਪਰਕਾਸ਼ ਦਾ ਬਹਾਲ ਕੀਤਾ ਜਾਣਾ ਜਰੂਰੀ ਹੈ।

ਹੁਣ ਆਧੁਨਿਕ ਧਰਮ ਸ਼ਾਸਤਰ ਦੇ ਵਿਦਵਾਨ ਮੇਰੇ ਨਾਲ ਸਹਿਮਤ ਨਹੀਂ ਹੋਣਗੇ ਕਿਉਂਕਿ ਏਥੇ ਹੈ ਉਹ ਜੋ ਕਿ ਇਕ ਮਹਾਨ ਮਸੀਹੀ ਰਸਾਲੇ ਵਿੱਚ ਲਿਖਿਆ ਗਿਆ ਸੀ।" ਤਸਲੀਸ ਦੀ ਸਿਖਿਆ (The Teaching On The Trinity) ਪੁਰਾਣੇ ਨੇਮ ਦੇ ਬਿਲਕੁਲ ਵਿਚਕਾਏ ਅਤੇ ਤਹਿ ਤੱਕ ਹੈ। ਅਤੇ ਇਹ ਰਤਾ ਰਤਾ ਉਦਾਂ ਹੀ ਨਵੇਂ ਨੇਮ ਦੇ ਦਿਲ ਅਤੇ ਇਹਦੀ ਤਹਿ ਵਿੱਚ ਹੈ। ਅਤੇ ਨਵਾਂ ਨੇਮ ਵੀ ਪੁਰਾਣੇ ਨੇਮ ਦੀ ਵਾਂਗੂ ਹੀ ਇਕ ਪਰਮੇਸ਼ੁਰ ਤੋਂ ਵੱਧ ਪਰਮੇਸ਼ੁਰਾਂ ਦੇ ਹੋਣ ਦੇ ਖਿਆਲ ਦੀ ਉਨ੍ਹੀ ਹੀ ਵਿਰੋਧਤਾ ਕਰਦਾ ਹੈ ਜਿੰਨੀ ਪੁਰਾਣਾ ਨੇਮ ਕਰਦਾ ਹੈ ਤਦ ਭੀ ਨਵਾਂ ਨੇਮ ਸਮਾਨ ਸਫਾਈ ਨਾਲ ਸਿਖਾਉਂਦਾ ਹੈ ਕਿ ਪਿਤਾ ਪਰਮੇਸ਼ੁਰ ਹੈ, ਪੁੱਤਰ ਪਰਮੇਸ਼ੁਰ ਹੈ, ਅਤੇ ਪਵਿੱਤਰ ਆਤਮਾ ਪਰਮੇਸ਼ੁਰ ਹੈ, ਪਰ ਤਿੰਨ ਵਿਅਕਤੀ ਇੱਕ ਸੱਚੇ ਵਿਅਕਤੀਗਤ ਸੰਬੰਧ ਵਿੱਚ ਇੱਕ ਦੂਜੇ ਦੇ ਨਾਲ ਖੜੇ ਹਨ। ਏਥੇ ਸਾਨੂੰ ਉਹ ਮਹਾਨ ਵੱਡੀ ਸਿਖਿਆ ਮਿਲਦੀ ਹੈ ਕਿ ਤਿੰਨ ਵਿਅਕਤੀ ਹਨ ਪਰ ਇੱਕ ਪਰਮੇਸ਼ੁਰ ਹੈ।"

ਉਹ ਇਹ ਵੀ ਆਖਦੇ ਹਨ, "ਬਾਈਬਲ ਅਨੁਸਾਰ ਪਰਮੇਸ਼ੁਰ, ਕੇਵਲ ਇੱਕ ਮਨੁੱਖ ਨਹੀ ਹੈ, ਪਰ ਉਹ ਤਾਂ ਇੱਕ ਪਰਮੇਸ਼ੁਰ ਵਿੱਚ ਤਿੰਨ ਵਿਅਕਤੀ ਹਨ। ਏਹੋ ਹੀ ਤਾਂ ਤਸਲੀਸ ਦਾ ਵੱਡਾ ਭੇਦ ਹੈ।" ਯਕੀਨਨ ਇਹ ਹੈ। ਤਿੰਨ ਵਿਅਕਤੀ ਇੱਕ ਪਰਮੇਸ਼ੁਰ ਵਿੱਚ ਕਿਦਾਂ ਹੋ ਸਕਦੇ ਹਨ ? ਨਾ ਹੀ ਕੇਵਲ ਇਹਦੇ ਲਈ ਕੋਈ ਲਿਖਤ ਹੀ ਹੈ, ਅਤੇ ਇਹ ਗੱਲ ਬੁੱਧ ਅਤੇ ਗਿਆਨ ਦੇ ਘਾਟੇ ਨੂੰ ਵੀ ਵਿਖਾਉਂਦੀ ਹੈ। ਤਿੰਨ ਵਖਰੇ ਵਖਰੇ ਵਿਅਕਤੀ, ਭਾਵੇਂ ਇੱਕ ਦੂਜੇ ਨਾਲ ਮਿਲਦੇ ਜੁਲਦੇ ਤਿੰਨ ਈਸ਼ੁਰਾਂ ਨੂੰ ਪ੍ਰਗਟ ਕਰਦੇ ਹਨ, ਤਾਂ ਜਾਂ ਫਿਰ ਭਾਸ਼ਾ ਨੇ ਆਪਣਾ ਅਰਥ ਪੂਰੀ ਤਰਾਂ ਗਵਾ ਛੱਡਿਆ ਹੈ।

ਜਰਾ ਏਹਨਾਂ ਸ਼ਬਦਾਂ ਨੂੰ ਇੱਕ ਵਾਰ ਫੇਰ ਸੁਣੋ, " ਮੈਂ ਅਲਫਾ ਅਤੇ ਓਮੇਗਾ, ਪਹਿਲਾ ਅਤੇ ਪਿੱਛਲਾ ਹਾਂ, ਜੋ ਸੀ, ਜੋ ਹੈ, ਜੋ ਆਉਣ ਵਾਲਾ ਹੈ, ਆਦ ਅਤੇ ਅੰਤ, ਸ਼ਰਬਸ਼ਕਤੀਮਾਨ, ਪ੍ਰਭੂ ਇੰਜ ਫਰਮਾਉਂਦਾ ਹੈ।" ਇਹ ਪਰਮੇਸ਼ੁਰ ਹੈ। ਇਹ ਸਿਰਫ ਨਾ ਇੱਕ ਨਬੀ ਜਾਂ ਇੱਕ ਵਿਅਕਤੀ ਹੀ ਨਹੀਂ। ਇਹ ਤਾਂ ਪਰਮੇਸ਼ੁਰ ਹੈ। ਅਤੇ ਇਹ ਤਿੰਨਾਂ ਪਰਮੇਸ਼ੁਰਾਂ ਦਾ ਪਰਕਾਸ਼ ਨਹੀ, ਪਰ ਇੱਕ ਪਰਮੇਸ਼ੁਰ (One God) ਜੋ ਸਰਬਸ਼ਕਤੀਮਾਨ ਹੈ ਉਹਦਾ ਪਰਕਾਸ਼ ਹੈ।

ਕਲੀਸੀਯਾ ਦੇ ਸ਼ੁਰੂ ਵਿੱਚ ਉਹ ਤਿੰਨ ਪਰਮੇਸ਼ੁਰਾਂ ਦੇ ਵਿੱਚ ਨਿਹਚਾ ਨਹੀਂ ਰੱਖਦੇ ਸਨ। ਤੁਸੀ ਇਸ ਕਿਸਮ ਦਾ ਵਿਸ਼ਵਾਸ ਰਸੂਲਾਂ ਦੇ ਵਿੱਚ ਨਹੀ ਲੱਭ ਸਕਦੇ। ਇਹ ਤਾਂ ਰਸੂਲੀ ਯੁੱਗ ਦੇ ਬਾਦ ਹੋਂਦ ਵਿੱਚ ਆਈ, ਕਿ ਇਹ ਸਿਧਾਂਤ ਅੰਦਰ ਆਣ ਵੜਿਆ ਅਤੇ ਸੱਚ ਵਿੱਚ ਇੱਕ ਮੁਦਾ ਜਾਂ ਮਸਲਾ ਅਤੇ ਨੀਸੀਆ ਸਭਾ ਦੇ ਵਿੱਚ ਪਾਦਰੀਆ ਦੀ ਸਿੱਖਿਆ ਬਣ ਗਈ। ਪਰਮੇਸ਼ੁਰਤਾਈ ਦੀ ਸਿਖਿਆ ਨੇ ਨੀਸੀਆ ਸਭਾ ਵਿੱਚ ਦੋ ਤਰਾਂ ਦੀ ਵੰਡ ਪਾ ਦਿੱਤੀ।

ਅਤੇ ਉਸ ਵੰਡ ਤੋਂ ਦੋ ਹੱਦਾਂ ਬੱਝ ਗਈਆਂ ਇਕ ਬੰਨੇ ਦੇ ਤਾਂ ਸੱਚ ਵਿੱਚ (Polytheism) ਬਹੁ-ਪਰਮੇਸ਼ੁਰਾਂ ਦੀ ਵੱਲ ਚੱਲ ਪਏ ਤੇ, ਤਿੰਨ ਪਰਮੇਸ਼ੁਰਾਂ ਵਿੱਚ ਨਿਹਚਾ ਕਰਨ ਲੱਗੇ ਅਤੇ ਦੂਜੇ ਬੰਨੇ ਦੇ (Unitarianism) ਇੱਕ ਪਰਮੇਸ਼ੁਰ ਦੀ ਸਿਖਿਆ ਨੂੰ ਲੈ ਕੇ ਮੰਨਣ ਲੱਗੇ। ਬੇਸ਼ਕ ਇਸ ਸਿਖਿਆ ਨੂੰ ਅੰਦਰ ਆਉਣ ਲਈ ਥੋੜਾ ਹੀ ਚਿਰ ਲੱਗਿਆ, ਪਰ ਇਹ ਆਈ, ਅੱਜ ਠੀਕ ਇਹ ਸਾਡੇ ਜ਼ਮਾਨੇ ਵਿੱਚ ਪਾਈ ਜਾਂਦੀ ਹੈ। ਪਰ ਯੂਹੰਨਾਂ ਨੂੰ ਕਲੀਸੀਯਾਂ ਦੇ ਲਈ ਆਤਮਾ ਦੁਆਰਾ ਦਿੱਤਾ ਗਿਆ ਪਰਕਾਸ਼ ਇਹ ਸੀ, " ਮੈਂ ਪ੍ਰਭੂ ਯਿਸੂ ਮਸੀਹ ਹਾਂ ਅਤੇ ਮੈਂ ਹੀ ਸਭ ਕੁਝ ਹਾਂ। ਕੋਈ ਹੋਰ ਦੂਜਾ ਪਰਮੇਸ਼ੁਰ ਨਹੀਂ ਹੈ।" ਅਤੇ ਉਹਨੇ ਆਪਣੀ ਮੋਹਰ ਇਸ ਪਰਕਾਸ਼ ਉਤੇ ਲਾਈ ਹੈ।

ਇਹਦੇ ਤੇ ਧਿਆਨ ਦਿਉ : ਯਿਸੂ ਦਾ ਪਿਤਾ ਕੌਣ ਸੀ ? ਮੱਤੀ ੧:੧੮ ਆਖਦਾ ਹੈ, "ਉਹ ਪਵਿੱਤ੍ਰ ਆਤਮਾ ਤੋਂ ਗਰਭਵੰਤੀ ਪਾਈ ਗਈ।" ਪਰ ਯਿਸੂ ਨੇ ਖੁਦ ਇਹ ਦਾਵਾ ਕੀਤਾ ਕਿ ਪਰਮੇਸ਼ੁਰ ਉਹਦਾ ਪਿਤਾ ਸੀ। ਪਿਤਾ ਪਰਮੇਸ਼ੁਰ ਅਤੇ ਪਵਿੱਤ੍ਰ ਆਤਮਾ ਪਰਮੇਸ਼ੁਰ, ਜਿਦਾਂ ਕਿ ਇਹਨਾਂ ਸ਼ਬਦਾਂ ਦੀ ਵਰਤੋਂ ਅਸੀਂ ਅਕਸਰ ਕਰਦੇ ਹਾਂ ਪਰ ਇਹ ਸ਼ਬਦਾਵਲੀ ਤਾਂ ਪਿਤਾ ਅਤੇ ਆਤਮਾ ਨੂੰ ਇੱਕ ਹੀ ਦੱਸਦੀ ਹੈ। ਅਤੇ ਬੇਸ਼ਕ ਉਹ ਹਨ, ਨਹੀਂ ਤਾਂ ਯਿਸੂ ਦੇ ਦੋ ਪਿਤਾ ਹੁੰਦੇ ਪਰ ਧਿਆਨ ਦਿਉ ਯਿਸੂ ਨੇ ਅਖਿਆ ਕਿ ਉਹ ਅਤੇ ਉਹਦਾ ਪਿਤਾ ਇੱਕ ਹਨ। ਏਦਾਂ ਇੱਕ ਪਰਮੇਸ਼ੁਰ ਵਿਖਾਲੀ ਦੇਂਦਾ ਹੈ।

ਜਦ ਕਿ ਇਹ ਇਤਿਹਾਸਕ ਅਤੇ ਪਵਿੱਤ੍ਰ ਸ਼ਾਸਤਰ ਦੀਆਂ ਲਿਖਤਾਂ ਦੇ ਅਨੁਸਾਰ ਸੱਚ ਹੈ, ਲੋਕ ਹੈਰਾਨ ਹਨ ਕਿ ਤਿੰਨ ਕਿਥੋਂ ਆ ਗਏ। ਨੀਸੀਆ ਸਭਾ ਦੇ ਦੌਰਾਨ ਸੰਨ ੩੨੫ ਈਸਵੀ ਵਿੱਚ ਇਹ ਸਿਧਾਂਤ ਘੜਿਆ ਗਿਆ ਤੇ ਉਥੇ ਇਹ ਗੱਲ ਮੁੱਢਲੀ ਸਿਖਿਆ ਬਣ ਗਈ। ਇਹ ਤਸਲੀਸ (ਜੋ ਕਿ ਬਿਲਕੁਲ ਹੀ ਲਿਖਤਾਂ ਦੇ ਅਨੁਸਾਰ ਸ਼ਬਦ ਹੈ ਹੀ ਨਹੀਂ) ਦਾ ਸ਼ਬਦ ਰੋਮ ਦੇ ਬਹੁਤੇ ਦੇਵਤਿਆਂ ਉਤੇ ਅਧਾਰਿਤ ਕੀਤਾ ਗਿਆ। ਰੋਮੀ ਲੋਕਾਂ ਦੇ ਕੋਲ ਬਹੁਤ ਸਾਰੇ ਦੇਵਤੇ ਸਨ ਜਿਹਨਾਂ ਦੇ ਅੱਗੇ ਉਹ ਪ੍ਰਾਥਨਾ ਕਰਦੇ ਹੁੰਦੇ ਸਨ। ਅਤੇ ਉਹ ਮੋਏ ਹੋਏ ਪਿਤਰਾਂ ਨੂੰ ਵੀ ਪਰਮੇਸ਼ੁਰ ਦੇ ਸਨਮੁਖ ਵਿਚੋਲੀਏ ਸਮਝ ਕੇ ਪ੍ਰਾਥਨਾ ਕਰਦੇ ਸਨ। ਇਹ ਤਾਂ ਪੁਰਾਣੇ ਦੇਵਤਿਆਂ ਨੂੰ ਨਵੇਂ ਨਾਮ ਦੇਣ ਦਾ ਇੱਕ ਹੋਰ ਕਦਮ ਪੁੱਟਿਆ ਗਿਆ ਸੀ, ਅਤੇ ਇਸ ਨੂੰ ਬਾਈਬਲ ਦੇ ਅਨੁਸਾਰ ਬਨਾਉਣ ਲਈ ਸਾਡੇ ਕੋਲ ਕੁਝ ਸੰਤ ਵੀ ਹਨ। ਜੁਪੀਟਰ, ਵੀਨਸ ਮਾਰਸ ਆਦਿ ਦੇ ਸਥਾਨ ਤੇ ਸਾਡੇ ਕੋਲ ਪੌਲੁਸ, ਪਤਰਸ, ਫਾਤੀਮਾ ਵਗੈਰ ਵਗੈਰਾ ਹਨ। ਕਿਉਂਕਿ ਉਹ ਆਪਣਾ ਮੂਰਤੀ ਪੂਜਕ ਧਰਮ ਸਿਰਫ ਇਕ ਪਰਮੇਸ਼ੁਰ ਨਾਲ ਚਲਾ ਨਹੀਂ ਸਕੇ , ਤੇ ਉਹਨਾਂ ਨੇ ਉਹਦੇ ਤਿੰਨ ਭਾਗ ਕਰ ਦਿੱਤੇ। ਜਿਦਾਂ ਉਹਨਾਂ ਨੇ ਆਪਣੇ ਮੋਏ ਹੋਏ ਪਿਤਰਾਂ ਨੂੰ ਵਿਚੋਲੀਏ ਬਣਾ ਲਿਆ ਸੀ ਉਸ ਤਰਾਂ ਏਹਨਾਂ ਨੇ ਵੀ ਸੰਤਾਂ ਨੂੰ ਵਿਚੋਲੀਏ ਬਣਾ ਲਿਆ।

ਉਸ ਸਮੇਂ ਤੋਂ ਲੈ ਕੇ ਲੋਕ ਇਸ ਗੱਲ ਨੂੰ ਸਮਝਣ ਵਿੱਚ ਨਿਸਫਲ ਰਹੇ ਹਨ ਕਿ ਇਕ ਪਰਮੇਸ਼ੁਰ ਦੇ ਤਿੰਨ ਖਿਤਾਬ ਜਾਂ ਪ੍ਰਗਟਾਵੇ ਹਨ। ਉਹ ਜਾਣਦੇ ਹਨ ਕਿ ਪਵਿੱਤ੍ਰ ਲਿਖਤਾਂ ਦੇ ਅਨੁਸਾਰ ਇੱਕੋ ਪਰਮੇਸ਼ੁਰ ਹੈ, ਪਰ ਉਹ ਇਹਨੂੰ ਇੱਕ ਅਨੋਖਾ ਸਿਧਾਂਤ ਬਨਾਉਣ ਦਾ ਯਤਨ ਕਰਦੇ ਹਨ ਕਿ ਪਰਮੇਸ਼ੁਰ ਅੰਗੂਰਾਂ ਦੇ ਗੁੱਛੇ ਵਾਂਗ ਹੈ; ਤਿੰਨ ਵਿਅਕਤੀ ਸਮਾਂਨਤਰ ਰੱਬੀ ਕੁਦਰਤ ਦੇ ਮਾਲਕ ਹਨ। ਪਰ ਏਥੇ ਪਰਕਾਸ਼ ਦੀ ਪੋਥੀ ਵਿੱਚ ਬੜੀ ਸਫਾਈ ਨਾਲ ਦੱਸਿਆ ਹੈ ਕਿ "ਯਿਸੂ ਜੋ ਹੈ", "ਜੋ ਹੈ ਸੀ" ਅਤੇ "ਜਿਹੜਾ ਆਉਣ ਵਾਲਾ ਹੈ।" ਉਹ "ਅਲਫਾ ਅਤੇ ਉਮੇਗਾ," ਹੈ ਜਿਹਦਾ ਅਰਥ ਹੈ ਕਿ "ਉਹ ਸੱਭੋ ਕੁਝ" ਹੈ ਜਾਂ ਉਹ A to Z ਹੈ। ਉਹ ਸਭ ਕੁਝ ਹੈ — ਸਰਬਸ਼ਕਤੀ ਮਾਨ। ਉਹ ਸ਼ਾਰੋਨ ਦਾ ਗੁਲਾਬ, ਵਾਦੀ ਸੋਸਨ, ਸਵੇਰ ਦਾ ਉਜੱਲ ਤਾਰਾ, ਰਾਸਤਬਾਜ਼ੀ ਦੀ ਸ਼ਾਖਾ, ਪਿਤਾ, ਪੁੱਤਰ

ਅਤੇ ਪਵਿੱਤ੍ਰ ਆਤਮਾ ਹੈ। ਉਹ ਪਰਮੇਸ਼ੁਰ ਹੈ, ਸਰਬਸ਼ਕਤੀ ਮਾਨ ਪਰਮੇਸ਼ੁਰ। ਇੱਕ ਪਰਮੇਸ਼ੁਰ।

੧ ਤਿਮੋਥਿਉਸ ੩:੧੬ ਵਿੱਚ ਬਾਈਬਲ ਦੱਸਦੀ ਹੈ । ਨਿਸੰਗ ਭਗਤੀ ਦਾ ਭੇਤ ਵੱਡਾ ਹੈ ਉਹ ਸਰੀਰ ਵਿੱਚ ਪ੍ਰਗਟ ਹੋਇਆ ਆਤਮਾ ਵਿੱਚ ਧਰਮੀ ਠਹਿਰਾਇਆ ਗਿਆ, ਦੂਤਾਂ ਤੋਂ ਵੇਖਿਆ ਗਿਆ, ਕੌਮਾਂ ਵਿੱਚ ਉਸ ਦਾ ਪਰਚਾਰ ਕੀਤਾ ਗਿਆ ਜਗਤ ਵਿੱਚ ਉਸ ਉਤੇ ਨਿਸਚਾ ਕੀਤੀ ਗਈ, ਤੇਜ ਵਿੱਚ ਉਤਾਂਹ ਉਠਾ ਲਿਆ ਗਿਆ।" ਇਹ ਹੈ ਜੋ ਬਾਈਬਲ ਨੇ ਆਖਿਆ ਹੈ। ਏਥੇ ਪਹਿਲੇ ਜਾਂ ਦੂਸਰੇ ਜਾਂ ਤੀਸਰੇ ਵਿਅਕਤੀ ਦੇ ਬਾਰੇ ਵਿੱਚ ਇੱਕ ਵੀ ਗੱਲ ਆਖੀ ਨਹੀਂ ਗਈ ਹੈ। ਇੱਕ ਪਰਮੇਸ਼ੁਰ ਦੇਹ ਵਿੱਚ ਪਰਗਟ ਹੋਇਆ। ਬਸ ਇਸ ਗੱਲ ਨੇ ਹੀ ਇਸ ਝੰਜਟ ਦਾ ਨਬੇੜਾ ਕਰਨਾ ਹੈ। ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਆਇਆ। ਇਸ ਗੱਲ ਨੇ ਉਹਨੂੰ ਕੋਈ ਦੂਜਾ ਪਰਮੇਸ਼ੁਰ ਨਹੀ ਬਣਾਇਆ। ਉਹ ਪਰਮੇਸ਼ੁਰ ਸੀ ਤੇ ਉਹੋ ਹੀ ਪਰਮੇਸ਼ੁਰ। ਇਹ ਉਦੋਂ ਵੀ ਪਰਕਾਸ਼ ਦੀ ਗੱਲ ਸੀ ਤੇ ਹੁਣ ਵੀ ਪਰਕਾਸ਼ ਦੀ ਹੀ ਗੱਲ ਹੈ। ਇੱਕ ਪਰਮੇਸ਼ੁਰ ।

ਆਓ ਬਾਈਬਲ ਦੇ ਮੁੱਢ ਵਿੱਚ ਚੱਲੀਏ, ਅਤੇ ਵੇਖੀਏ ਜੋ ਉਸ ਨੇ ਆਪਣੇ ਬਾਰੇ ਵਿੱਚ ਪਰਕਾਸ਼ ਦਿੱਤਾ ਸੀ ਉਹਦੇ ਅਨੁਸਾਰ ਉਹ ਕੀ ਸੀ। ਮਹਾਨ ਯਹੋਵਾਹ ਪਰਮੇਸ਼ੁਰ ਇਸਰਾਏਲ ਕੌਮ ਦੇ ਉਤੇ ਅੱਗ ਦੇ ਖੰਭੇ ਦੇ ਰੂਪ ਵਿੱਚ ਪਰਗਟ ਹੋਇਆ। ਨੇਮ ਦੇ ਦੂਤ ਵਾਂਗੂ ਉਹ ਅੱਗ ਦੇ ਖੰਭੇ ਵਿੱਚ ਰਹਿੰਦਾ ਸੀ ਅਤੇ ਹਰ ਰੋਜ ਇਸਰਾਏਲ ਦੀ ਅਗੁਵਾਈ ਕਰਦਾ ਹੁੰਦਾ ਸੀ। ਹੈਕਲ ਵਿੱਚ ਉਸਨੇ ਆਪਣੀ ਆਮਦ ਇੱਕ ਵੱਡੇ ਤੇ ਮਹਾਨ ਬੱਦਲ ਦੇ ਰਾਹੀਂ ਘੋਸ਼ਿਤ ਕੀਤੀ। ਫੇਰ ਇੱਕ ਉਹ ਕੁੰਵਾਰੀ ਤੋਂ ਜੰਨਮੇ ਹੋਏ ਬਦਨ ਵਿੱਚ ਪਰਗਟ ਹੋਇਆ ਜਿਹੜਾ ਉਹਦੇ ਲਈ ਤਿਆਰ ਕੀਤਾ ਗਿਆ ਸੀ। ਉਹ ਪਰਮੇਸ਼ੁਰ ਜਿਹੜਾ ਇਸਰਾਏਲ ਦੇ ਤੰਬੂਆਂ ਦੇ ਉਤੇ ਵੱਸਦਾ ਸੀ ਉਹਨੇ ਹੁਣ ਆਪਣੇ ਦੁਆਲੇ ਸਰੀਰ ਧਾਰ ਲਿਆ ਅਤੇ ਮਨੁੱਖਾਂ ਦੇ ਵਿਚਾਲੇ ਇੱਕ ਮਨੁੱਖ ਦੀ ਸ਼ਕਲ ਵਿੱਚ ਡੇਰਾ ਕੀਤਾ। ਪਰ ਉਹ ਤਾਂ ਉਹੋ ਹੀ ਪਰਮੇਸ਼ੁਰ ਸੀ।

ਬਾਈਬਲ ਸਿਖਾਉਂਦੀ ਹੈ ਕਿ ਪਰਮੇਸ਼ੁਰ ਮਸੀਹ ਦੇ ਅੰਦਰ ਸੀ। ਉਹ ਸਰੀਰ ਯਿਸੂ ਸੀ। ਅਤੇ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ ਉਹਦੇ ਅੰਦਰ ਦੇਹਧਾਰੀ ਹੋ ਕੇ ਵਾਸ ਕਰਦੀ ਸੀ। ਇਸ ਤੋਂ ਵਧੇਰੇ ਹੋਰ ਸਾਫ ਵਿਆਖਿਆ ਨਹੀ ਹੋ ਸਕਦੀ। ਇਹ ਭੇਤ ਹੈ, ਹਾਂ ਜੀ। ਪਰ ਅਸਲ ਸਚਾਈ ਨੂੰ ਹੋਰ ਵਧੇਰੇ ਸਫਾਈ ਨਾਲ ਪੇਸ਼ ਨਹੀਂ ਕੀਤਾ ਜਾ ਸਕਦਾ। ਸੋ ਜੇ ਉਹ ਉਦੋ ਤਿੰਨ ਜਣੇ ਨਹੀਂ ਸਨ, ਤੇ ਹੁਣ ਵੀ ਤਿੰਨ ਜਣੇ ਨਹੀ ਹੋ ਸਕਦੇ। ਇੱਕ ਪਰਮੇਸ਼ੁਰ ਅਤੇ ਏਹੋ ਹੀ ਪਰਮੇਸ਼ੁਰ ਦੇਹਧਾਰੀ ਹੋਇਆ।

ਯਿਸੂ ਨੇ ਆਖਿਆ, "ਮੈਂ ਪਰਮੇਸ਼ੁਰ ਦੇ ਕੋਲੋਂ ਆਇਆ ਹਾਂ ਅਤੇ ਉਹਦੇ ਕੋਲ ਹੀ ਵਾਪਸ ਜਾਂਦਾ ਹੈ।" (ਯੂਹੰਨਾਂ ੧੬:੨੭-੨੮) ਬਿਲਕੁਲ ਇੰਜ ਹੀ ਹੋਇਆ। ਉਹ ਆਪਣੀ ਮੌਤ, ਦਫਨ, ਜੀ ਉਠਣ ਤੇ ਸੁਰਗ ਤੇ ਚੜ੍ਹ ਤੇ ਤਰੀਕੇ ਦੇ ਨਾਲ ਇਸ ਧਰਤੀ ਤੋਂ ਅਲੋਪ ਹੋ ਗਿਆ।

ਤਦ ਪੌਲੁਸ ਉਸ ਨੂੰ ਦਮਿਸ਼ਕ ਦੀ ਰਾਹ ਉਤੇ ਮਿਲਿਆ ਅਤੇ ਉਹ ਪੌਲੁਸ ਦੇ ਨਾਲ ਬੋਲਿਆ ਅਤੇ ਆਖਿਆ, "ਹੇ ਸ਼ਾਊਲ, ਹੇ ਸ਼ਾਊਲ, ਤੂੰ ਮੈਨੂੰ ਕਿਉ ਸਤਾਉਂਦਾ ਹੈ ?" ਪੌਲੁਸ ਨੇ ਆਖਿਆ, "ਪ੍ਰਭੂ ਤੂੰ ਕੌਣ ਹੈ ?" ਉਹਨੇ ਕਿਹਾ, " ਮੈਂ ਯਿਸੂ ਹਾਂ।" ਉਹ ਅੱਗ ਦਾ ਖੰਭਾ ਸੀ ਅੰਨਿਆਂ ਕਰ ਦੇਣ ਵਾਲੀ ਰੋਸ਼ਨੀ। ਉਹ ਉਸੇ ਹੀ ਰੂਪ

ਵਿੱਚ ਆ ਗਿਆ ਸੀ ਜੋ ਉਸਨੇ ਕਿਹਾ ਸੀ ਕਿ ਆ ਜਾਵੇਗਾ। ਜਿਹੜੇ ਰੂਪ ਵਿੱਚ ਉਹ ਪਹਿਲਾਂ ਸੀ ਇਸ ਤੋਂ ਪਹਿਲਾਂ ਕਿ ਉਹਨੇ ਮਾਸ ਦਾ ਤੰਬੂ ਤਾਣਿਆ ਉਹ ਉਸੇ ਹੀ ਰੂਪ ਵਿੱਚ ਫੇਰ ਚਲਿਆ ਗਿਆ। ਬਿਲਕੁਲ ਏਦਾਂ ਹੀ ਯੂਹੰਨਾਂ ਨੇ ਵੇਖਿਆ। ਯੂਹੰਨਾਂ ੧:੧੮, " ਕਿਸੇ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ, ਇਕਲੌਤਾ ਪੁੱਤ੍ਰ ਜਿਹੜਾ ਪਿਤਾ ਦੀ ਗੋਦ ਵਿੱਚ ਹੈ ਉਸੇ ਨੇ ਉਹਨੂੰ ਪਰਗਟ ਕੀਤਾ।। ਧਿਆਨ ਦਿਉ ਕਿਥੇ ਯੂਹੰਨਾਂ ਆਖਦਾ ਹੈ ਕਿ ਯਿਸੂ ਹੈ। ਉਹ ਪਿਤਾ ਦੀ ਗੋਦ ਵਿੱਚ ਹੈ।

ਲੂਕਾ ੨:੧੧ ਵਿੱਚ ਇੰਜ ਆਖਿਆ ਗਿਆ ਹੈ, " ਭਈ ਦਾਊਦ ਦੇ ਨਗਰ ਵਿੱਚ ਅੱਜ ਤੁਹਾਡੇ ਲਈ ਇੱਕ ਮੁਕਤੀ ਦਾਤਾ ਪੈਦਾ ਹੋਇਆ, ਜਿਹੜਾ ਮਸੀਹ ਪ੍ਰਭੂ ਹੈ।" ਉਹ ਮਸੀਹ ਪੈਦਾ ਹੋਇਆ ਸੀ, ਅਤੇ ਅੱਠ ਦਿਨਾਂ ਦੇ ਬਾਦ ਜਦ ਉਹਦਾ ਖਤਨਾ ਕੀਤਾ ਗਿਆ ਤਾਂ ਉਹਦਾ ਨਾਮ ਯਿਸੂ ਰੱਖਿਆ ਗਿਆ; ਜਿਦਾਂ ਕਿ ਫਰਿਸ਼ਤੇ ਨੇ ਉਹਨੂੰ ਆਖਿਆ ਸੀ। ਮੈਂ ਬਰਾਨਹਮ ਜੰਮਿਆ ਸੀ। ਜਦ ਮੇਰਾ ਜਨਮ ਹੋਇਆ ਤਾਂ ਉਹਨਾਂ ਮੇਰਾ ਨਾਮ ਵਿਲੀਅਮ ਰੱਖਿਆ। ਉਹ ਮਸੀਹ ਸੀ ਪਰ ਉਹਨੂੰ ਮਨੁੱਖਾਂ ਦੇ ਵਿਚਾਲੇ ਇੱਕ ਨਾਮ ਦਿੱਤਾ ਗਿਆ। ਬਾਹਰਲਾ ਮਾਸ ਰੂਪੀ ਤੰਬੂ ਜਿਹਨੂੰ ਮਨੁੱਖ ਵੇਖ ਸਕਦੇ ਸਨ ਉਹ ਯਿਸੂ ਅਖਵਾਇਆ। ਉਹ ਮਹਿਮਾ ਦਾ ਪ੍ਰਭੂ ਸੀ, ਸਰਬ ਸ਼ਕਤੀਮਾਨ ਦੇਹ ਵਿੱਚ ਪ੍ਰਗਟ ਹੋਇਆ। ਉਹ ਪਰਮੇਸ਼ੁਰ ਹੈ ਪਿਤਾ, ਪੁੱਤਰ ਅਤੇ ਪਵਿੱਤ੍ਰ ਆਤਮਾ। ਉਹ ਇਹ ਸਭੋ ਕੁਝ ਹੈ।

ਪਿਤਾ, ਪੁੱਤਰ, ਅਤੇ ਪਵਿੱਤ੍ਰ ਆਤਮਾ ਕੇਵਲ ਆਹੁੱਦੇ ਹਨ। ਉਹ ਨਾਮ ਨਹੀਂ ਹਨ। ਏਸੇ ਲਈ ਹੀ ਅਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੰਦੇ ਹਾਂ, ਕਿਉਂਕਿ ਇਹ ਨਾਮ ਹੈ, ਅਤੇ ਖਿਤਾਬ ਨਹੀਂ। ਇਹ ਉਹਨਾਂ ਖਿਤਾਬਾਂ ਦਾ ਨਾਮ ਹੈ, ਉਦਾਂ ਹੀ ਜਿਦਾਂ ਤੁਸੀਂ ਨਵੇਂ ਜੰਨਮੇ ਬੱਚੇ ਨੂੰ ਲੈ ਕੇ ਜੋ ਪੁੱਤਰ ਹੋਵੇ ਉਹਦਾ ਨਾਮ ਰੱਖੋ। ਬੱਚਾ ਤਾਂ ਬੱਚਾ ਹੈ, ਤੇ ਪੁੱਤਰ ਖਿਤਾਬ ਹੈ, ਤਦ ਤੁਸੀਂ ਉਹਦਾ ਨਾਮ ਹੈਨਰੀ ਬਰਾਉਨ ਰੱਖਦੇ ਹੋ। ਤੁਸੀਂ ਕੇਵਲ "ਯਿਸੂ ਨਾਮ" ਵਿੱਚ ਬਪਤਿਸਮਾ ਨਾ ਦਿਉ, ਇਸ ਸੰਸਾਰ ਵਿੱਚ ਹਜਾਰਾਂ ਹੀ ਯਿਸੂ ਹਨ ਅਤੇ ਯਿਸੂ ਤੋਂ ਪਹਿਲਾਂ ਵੀ ਰਹੇ ਹਨ ਜੋ ਸਾਡਾ ਮੁਕਤੀਦਾਤਾ ਸੀ। ਪਰ ਉਹਨਾਂ ਵਿੱਚੋਂ ਕੇਵਲ ਇੱਕੋ ਹੀ ਮਸੀਹ ਜੰਮਿਆ ਹੈ, 'Lord Jesus Christ" ਭਾਵ "ਪ੍ਰਭੂ ਯਿਸੂ ਮਸੀਹ " ਹੈ।

ਲੋਕ ਯਿਸੂ ਦੇ ਬਾਰੇ ਗੱਲਾਂ ਬਾਤਾਂ ਕਰਦੇ ਹਨ ਕਿ ਉਹ ਪਰਮੇਸ਼ੁਰ ਦਾ ਸਦੀਪਕ ਪੁੱਤਰ ਹੈ। ਹੁਣ ਕੀ ਇਹ ਬਚਨ ਦੇ ਉਲਟ ਨਹੀਂ ਹੈ। ਕਿਹਨੇ ਕਦੇ "ਪੁੱਤਰ" ਨੂੰ ਸਦੀਪਕ ਹੋਣ ਲਈ ਸੁਣਿਆ ਹੈ ? ਪੁੱਤਰਾਂ ਦੀ ਸ਼ੁਰੂਆਤ ਹੁੰਦੀ ਹੈ, ਪਰ ਉਹ ਜਿਹੜਾ ਸਦੀਪਕ ਹੈ ਉਹਦੀ ਕਦੇ ਵੀ ਸ਼ੁਰੂਆਤ ਨਹੀਂ ਹੋਈ। ਉਹ ਸਦੀਪਕ ਪਰਮੇਸ਼ੁਰ (ਯਹੋਵਾਹ) ਦੇਹ ਵਿੱਚ ਪ੍ਰਗਟ ਹੋਇਆ ਹੈ।

ਸੰਤ ਯੂਹੰਨਾਂ ਦੀ ਇੰਜੀਲ ਵਿੱਚ ਇੰਜ ਆਖਿਆ ਗਿਆ ਹੈ, ਕਿ " ਆਦ ਵਿੱਚ ਸ਼ਬਦ ਸੀ ਅਤੇ [illegible] ਪਰਮੇਸ਼ੁਰ ਦੇ ਸੰਗ ਸੀ, ਅਤੇ ਸ਼ਬਦ ਪਰਮੇਸ਼ੁਰ ਸੀ। ਅਤੇ ਸ਼ਬਦ ਦੇਹਧਾਰੀ ਹੋਇਆ ਤੇ ਸਾਡੇ ਵਿੱਚ ਵਾਸ ਕੀਤਾ।" ਉਹ ਪਿਤਾ ਦੇ ਸਦੀਪਕ ਸ਼ਬਦ ਦਾ ਸੱਚਾ ਤੇ ਵਫਾਦਾਰ ਗਵਾਹ ਸੀ। ਉਹ ਨਬੀ ਸੀ ਅਤੇ ਜੋ ਵੀ ਪਿਤਾ ਨੇ ਉਹਨੂੰ ਆਖਣ ਲਈ ਦਿੱਤਾ ਸੀ ਆਖ ਸਕਦਾ ਸੀ। ਉਹਨੇ ਕਿਹਾ, " ਮੇਰਾ ਪਿਤਾ ਮੇਰੇ ਅੰਦਰ ਹੈ।" ਏਹੋ ਕੁਝ ਹੀ ਯਿਸੂ ਜੋ ਕਿ ਤੰਬੂ ਸੀ ਉਹਨੇ ਆਖਿਆ,

ਕਿ " ਮੇਰਾ ਪਿਤਾ ਮੇਰੇ ਅੰਦਰ ਹੈ।"

ਪਰਮੇਸ਼ੁਰ ਦੇ ਬਹੁਤ ਸਾਰੇ ਖਿਤਾਬ ਹਨ : 'ਸਾਡੀ ਰਾਸਤਬਾਜ਼ੀ ਅਤੇ 'ਸਾਡੀ ਸਾਂਤੀ' ਅਤੇ 'ਸਦਾ ਮੌਜੂਦ' ਅਤੇ 'ਪਿਤਾ, ਅਤੇ 'ਪੁੱਤਰ, ਅਤੇ 'ਪਵਿੱਤ੍ਰ ਆਤਮਾ'; ਪਰ ਉਹਦਾ ਇੱਕ ਹੀ ਮਨੁੱਖੀ ਨਾਮ ਹੈ ਅਤੇ ਉਹ ਨਾਮ ਯਿਸੂ ਹੈ ।

ਇਸ ਗੱਲ ਨਾਲ ਗੜਬੜ ਵਿੱਚ ਨਾ ਪੈ ਜਾਉ ਕਿ ਉਹਦੇ ਤਿੰਨ ਦਫਤਰ ਹਨ ਜਾਂ ਉਹਦਾ ਤਿਹਰਾ ਪ੍ਰਗਟਾਵਾ ਹੈ। ਧਰਤੀ ਉਤੇ ਉਹ ਨਬੀ ਸੀ; ਤੇ ਸੁਰਗ ਵਿੱਚ ਉਹ ਜਾਜਕ ਹੈ ਤੇ ਧਰਤੀ ਉਤੇ ਵਾਪਸ ਆਉਣ, ਤੇ ਉਹ ਰਾਜਿਆਂ ਦਾ ਰਾਜਾ ਹੈ।" ਉਹ ਜੋ ਹੈ ਸੀ' – ਉਹ ਯਿਸੂ ਹੈ ਇੱਕ ਨਬੀ। " ਉਹ ਜੋ ਹੈ" – ਇਹ ਉਹ ਹੈ, ਪਰਧਾਨ ਜਾਜਕ ਜੋ ਵਿਚੋਲੀਏ ਦਾ ਕੰਮ ਕਰ ਰਿਹਾ ਹੈ – ਉਹ ਜਿਹੜਾ ਸਾਡੀਆਂ ਦੁਰਬਲ ਤਾਈਆਂ ਦੇ ਵਿੱਚ ਛੁਹਿਆ ਜਾ ਸਕਦਾ ਹੈ। "ਜੋ ਆਉਣ ਵਾਲਾ ਹੈ" – ਉਹ ਆਉਣ ਵਾਲਾ ਰਾਜਾ ਹੈ। ਧਰਤੀ ਉਤੇ ਉਹ ਬਚਨ ਨਬੀ ਸੀ। ਮੂਸਾ ਨੇ ਉਹਦੇ ਬਾਰੇ ਵਿੱਚ ਆਖਿਆ, " ਪ੍ਰਭੂ ਤੁਹਾਡਾ ਪਰਮੇਸ਼ੁਰ ਮੇਰੇ ਵਰਗਾ ਇੱਕ ਨਬੀ ਖੜਾ ਕਰੇਗਾ ਅਤੇ ਇੰਜ ਹੋਵੇਗਾ ਜੇ ਉਹ ਉਸ ਨਬੀ ਦੀ ਨਾ ਸੁਨਣਗੇ ਤੇ ਉਹ ਲੋਕਾਂ ਦੇ ਵਿਚੋਂ ਛੇਕੇ ਜਾਣਗੇ।"

ਯਿਸੂ ਦੇ ਬਾਰੇ ਇਹਨਾਂ ਸਚਾਈਆਂ ਤੇ ਧਿਆਨ ਦਿਉ। ਧਰਤੀ ਉਤੇ ਉਹ ਨਬੀ ਸੀ ਲੇਲਾ ਅਤੇ ਪੁੱਤਰ। ਏਦਾਂ ਉਹ ਤਿੰਨ ਨਹੀਂ ਬਣਦਾ। ਇੱਕੋ ਹੀ ਵਿਅਕਤੀ ਯਿਸੂ ਦੇ ਤਿੰਨ ਦਫਤਰ ਜਾਂ ਪਰਗਟਾਵੇ ਸਨ।

ਹੁਣ ਬਹੁਤ ਹੀ ਬਚਨ ਵਿੱਚ ਇੱਕ ਮਸ਼ਹੂਰ ਲਿਖਤਾਂ ਦਾ ਹਵਾਲਾ ਹੈ ਜਿਸ ਨੂੰ ਤਸਲੀਸ ਦੇ ਮੰਨਣ ਵਾਲੇ ਸੋਚਦੇ ਹਨ ਕਿ ਪਰਮੇਸ਼ੁਰਤਾਈ ਵਿੱਚ ਦਰਅਸਲ ਇੱਕ ਤੋਂ ਵੱਧ ਵਿਅਕਤੀਆ ਨੂੰ ਉਹਨਾਂ ਦਾ ਇਹ ਮਨਪਸੰਦ ਹਵਾਲਾ ਸਿੱਧ ਕਰ ਸਕਦਾ ਹੈ।

ਅਤੇ ਇਹ ਹੈ ਪਰਕਾਸ਼ ਦੀ ਪੋਥੀ ੫:੬–੮, " ਅਤੇ ਮੈਂ ਸਿੰਘਾਸਣ ਅਤੇ ਚੌਹਾਂ ਜੰਤੂਆਂ ਦੇ ਵਿਚਾਲੇ ਅਤੇ ਉਹਨਾਂ ਬਜ਼ੁਰਗਾਂ ਦੇ ਵਿਚਾਲੇ ਇਕ ਲੇਲੇ ਨੂੰ ਜੋ ਮਾਨੋ ਕੋਹਿਆ ਗਿਆ ਸੀ ਖਲੋਤਾ ਵੇਖਿਆ ਜਿਹਦੇ ਸੱਤ ਸਿੰਙ ਅਤੇ ਸੱਤ ਅੱਖਾਂ ਸਨ। ਏਹ ਪਰਮੇਸ਼ੁਰ ਦੇ ਸੱਤੇ ਆਤਮੇ ਹਨ ਜਿਹੜੇ ਸਾਰੀ ਧਰਤੀ ਵਿੱਚ ਘੱਲੇ ਹੋਏ ਹਨ। ਅਤੇ ਉਹਨੇ ਆਣ ਕੇ ਉਸ ਦੇ ਸੱਜੇ ਹੱਥੋਂ ਜਿਹੜਾ ਸਿੰਘਾਸਣ ਉਤੇ ਬਿਰਾਜ ਮਾਨ ਸੀ ਉਹ ਪੋਥੀ ਲੈ ਲਈ। ਅਤੇ ਜਾਂ ਉਹ ਨੇ ਪੋਥੀ ਲੈ ਲਈ ਤਾਂ ਚਾਰੇ ਜੰਤੂ ਅਤੇ ਚੌਵੀ ਬਜ਼ੁਰਗ ਲੇਲੇ ਦੇ ਅੱਗੇ ਡਿੱਗ ਪਏ ਤੇ ਹਰੇਕ ਦੇ ਕੋਲ ਰਬਾਬ ਅਤੇ ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ ਸਨ ਜਿਹੜੇ ਸੰਤਾਂ ਦੀਆਂ ਪ੍ਰਾਥਨਾਂ ਹਨ। ਸੱਚ ਵਿੱਚ ਇਹ ਆਇਤਾਂ, ਜੇ ਵਖਰੀਆਂ ਕੀਤੀਆਂ ਜਾਣ, ਇੰਜ ਜਾਪਦਾ ਹੈ ਕਿ ਉਹਨਾਂ ਦਾ ਨੁਕਤਾ ਸਿੱਧ ਹੋ ਜਾਵੇਗਾ। ਤੁਸੀਂ ਧਿਆਨ ਦਿਉ ਮੈਂ ਆਖਿਆ, ਕਿ ਇਹ ਵਖਰੀਆਂ ਕੀਤੀਆਂ ਹੋਈਆਂ ਆਇਤਾਂ। ਫਿਰ ਵੀ, ਪਰਕਾਸ਼ ੪:੨–੩ ਅਤੇ ੯–੧ ਨੂੰ ਪੜ੍ਹੋ, " ਉਵੇਂ ਹੀ ਮੈਂ ਆਤਮਾ ਵਿੱਚ ਆਇਆ। ਤਾਂ ਕੀ ਵੇਖਦਾ ਹਾਂ ਭਈ ਸੁਰਗ ਵਿੱਚ ਇੱਕ ਸਿੰਘਾਸਣ ਧਰਿਆ ਹੋਇਆ ਹੈ ਅਤੇ ਉਸ ਸਿੰਘਾਸਣ ਉਤੇ ਕੋਈ ਬਿਰਾਜਮਾਨ ਹੈ। ਅਤੇ ਜਿਹੜਾ ਬਿਰਾਜਮਾਨ ਹੈ ਸੋ ਵੇਖਣ ਨੂੰ ਪੁਖਰਾਜ ਅਤੇ ਕਲੀਕ ਪੱਥਰ ਵਰਗਾ ਹੈ ਅਤੇ ਸਿੰਘਾਸਣ ਦੇ ਦੁਆਲੇ ਇੱਕ ਮੇਘ ਧਣੁਖ ਹੈ ਜੋ ਵੇਖਣ ਨੂੰ ਪੰਨੇ ਦੀ ਨਿਆਈ ਹੈ। ਜਾਂ ਉਹ ਜੰਤੂ ਉਸਦੀ ਜਿਹੜਾ ਸਿੰਘਾਸਣ ਉਤੇ ਬਿਰਾਜਮਾਨ ਹੈ ਅਤੇ ਜਿਹੜਾ ਜੁੱਗੋ ਜੁਗ ਜੀਉਂਦਾ ਹੈ ਵਡਿਆਈ

ਮਾਣ ਅਤੇ ਧੰਨਵਾਦ ਕਰਨਗੇ। ਤਾਂ ਚੱਵੀ ਬਜ਼ੁਰਗ ਉਹਦੇ ਅੱਗੇ ਜਿਹੜਾ ਸਿੰਘਾਸਣ ਉਤੇ ਬਿਰਾਜਮਾਨ ਹੈ ਡਿੱਗ ਪੈਣਗੇ ਅਤੇ ਉਹ ਨੂੰ ਜਿਹੜਾ ਜੁੱਗੋ ਜੁੱਗ ਜੀਉਂਦਾ ਹੈ ਮੱਥਾ ਟੇਕਣਗੇ ਅਤੇ ਇਹ ਆਖਦਿਆਂ ਆਪਣੇ ਮੁਕਟ ਸਿੰਘਾਸਣ ਦੇ ਅੱਗੇ ਸੁੱਟਣਗੇ,

ਹੇ ਸਾਡੇ ਪ੍ਰਭੂ ਅਤੇ ਸਾਡੇ ਪਰਮੇਸ਼ੁਰ,

ਤੂੰ ਮਹਿਮਾ, ਮਾਣ, ਅਤੇ ਸਮਰੱਥਾ ਲੈਣ ਦੇ ਜੋਗ ਹੈ, ਤੈਂ ਜੋ ਸਾਰੀਆਂ ਵਸਤਾ ਰਚੀਆਂ, ਅਤੇ ਉਹ ਤੇਰੀ ਹੀ ਇੱਛਾ ਨਾਲ ਹੋਈਆਂ ਤੇ ਰਚੀਆਂ ਗਈਆ।" ਧਿਆਨ ਪੂਰਵਕ ਗੌਹ ਕਰੋ ਕਿ ਦੂਜੀ ਆਇਤ ਇਹ ਆਖਿਆ ਗਿਆ ਹੈ ਕਿ "One" "ਇੱਕ" (ਦੋ ਜਾਂ ਤਿੰਨ ਨਹੀਂ ਪਰ ਇੱਕ) ਸੀ ਜਿਹੜਾ ਸਿੰਘਾਸਣ ਤੇ ਬੈਠਾ ਸੀ। ਤੀਸਰੀ ਆਇਤ ਵਿੱਚ "He" "ਉਹ (Not they) ਬਹੁਤੇ ਨਹੀ ਸਨ ਅਤੇ ਜਿਹੜਾ ਵੇਖਣ ਨੂੰ ਪੰਨੇ ਦੀ ਨਿਆਈ ਸੀ। ਨੌਵੀਂ ਆਇਤ ਵਿੱਚ ਆਖਿਆ ਗਿਆ ਹੈ ਕਿ ਜੰਤੂਆਂ ਨੇ ਉਹਨੂੰ "Him" ਮਾਣ ਦਿੱਤਾ ਉਹਨਾਂ ਨੂੰ ਨਹੀ (Not them) ਦਸਵੀਂ ਆਇਤ ਵਿੱਚ ਆਖਿਆ ਗਿਆ ਹੈ ਕਿ ਬਜ਼ੁਰਗ ਨੇ ਉਹਨੂੰ "Him" (Not Them) (ਉਹਨਾਂ ਨੂੰ ਨਹੀਂ) ਮੱਥਾ ਟੇਕਿਆ। ਗਿਆਰਵੀਂ ਆਇਤ ਵਿੱਚ ਇਹ ਆਖਿਆ ਗਿਆ ਹੈ ਕਿ ਉਹ ਪੁਕਾਰ ਉਠੇ ਕਿ ਹੇ ਪ੍ਰਭੂ (O Lord) ਪ੍ਰਭੂਉ ਨਹੀਂ। (Not Lords) ਅਤੇ ਗਿਆਰਵੀਂ ਆਇਤ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਉਹ ਜਿਹੜਾ ਸਿੰਘਾਸਣ ਤੇ ਬਿਰਾਜਮਾਨ ਸੀ ਉਹ "ਸ੍ਰਿਸ਼ਟੀ ਕਰਤਾ", ਸੀ ਜੋ ਕਿ ਯਿਸੂ ਹੈ (ਯੂਹੰਨਾ ੧:੩) ਜੋ ਕਿ ਯਹੋਵਾਹ ਆਤਮਾ ਹੈ ਪੁਰਾਣੇ ਨੇਮ ਦਾ ਪਰਮੇਸ਼ੁਰ (ਉਤਪੱਤ ੧:੧)।

ਪਰ ਆਉ ਹੁਣ ਅਸੀ ਏਥੇ ਹੀ ਨਾ ਰੁਕ ਜਾਈਏ। ਹੁਣ ਪਰਕਾਸ਼ ਦੀ ਪੋਥੀ ੩:੨੪, ਨੂੰ ਵੀ ਪੜੋ, "ਜਿਹੜਾ ਜਿੱਤਣ ਵਾਲਾ ਹੈ ਉਹ ਨੂੰ ਮੈਂ ਆਪਣੇ ਸਿੰਘਾਸਣ ਉਤੇ ਆਪਣੇ ਨਾਲ ਬਿਠਾਵਾਂਗਾ ਜਿਸ ਪਰਕਾਰ ਮੈਂ ਵੀ ਜਿੱਤਿਆ ਅਤੇ ਆਪਣੇ ਪਿਤਾ ਦੇ ਨਾਲ ਉਹਦੇ ਸਿੰਘਾਸਣ ਉਤੇ ਬੈਠਾ ਅਤੇ ਇਬਰਾਨੀਆਂ ੧੨:੨ ਨੂੰ ਵੀ ਪੜੋ, " ਅਤੇ ਯਿਸੂ ਦੀ ਵਲ ਤੱਕਦੇ ਰਹੀਏ ਜਿਹੜਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹਨੇ ਉਸ ਅਨੰਦ ਨਮਿੱਤ ਜੋ ਉਹਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।"

ਧਿਆਨ ਦਿਉ ਯਿਸੂ ਦੇ ਆਪਣੇ ਕਹਿਣ ਦੇ ਅਨੁਸਾਰ ਜਿਹਨੇ ਪਰਕਾਸ਼ ਦੀ ਪੋਥੀ ਲਿਖੀ (ਭਾਵ ਯੂਹੰਨਾਂ ਕੋਲੋ ਲਿਖਵਾਈo, ਉਹ ਪਿਤਾ ਦੇ ਨਾਲ ਸਿੰਘਾਸਣ ਤੇ ਬੈਠ ਗਿਆ ਹੈ। ਪੌਲੁਸ ਦੇ ਅੰਦਰ ਜੋ ਆਤਮਾ ਸੀ, (ਉਹ ਆਤਮਾ ਮਸੀਹ ਆਤਮਾ ਹੈ, ਅਤੇ ਭਵਿੱਖਬਾਣੀ ਦਾ ਆਤਮਾ ਹੈ ਜਿਹਦੇ ਰਾਹੀਂ ਬਚਨ ਆਉਂਦਾ ਹੈ) ਉਹ ਆਤਮਾ ਆਖਦਾ ਹੈ ਕਿ ਉਹ ਪਰਮੇਸ਼ੁਰ ਦੇ ਸੱਜੇ ਹੱਥ ਬੈਠ ਗਿਆ ਹੈ। ਪਰ ਜਦ ਯੂਹੰਨਾਂ ਨੇ ਵੇਖਿਆ ਉਹਨੇ ਤਾਂ ਕੇਵਲ ਇੱਕੋ ਹੀ ਨੂੰ ਸਿੰਘਾਸਣ ਤੇ ਵੇਖਿਆ। ਅਤੇ ਇਹ ਪਰਕਾਸ਼ ਦੀ ਪੋਥੀ ੫:੬–੮ ਤੱਕ ਨਹੀ ਸੀ ਹੋਇਆ (ਜੋ ਕਿ ਪਰਕਾਸ਼ ਦੀ ਪੋਥੀ ੪:੨–੩ ਸਮੇਂ ਦੇ ਲਿਹਾਜ ਨਾਲ ਬਾਦ ਵਿੱਚ ਹੈ) ਕਿ ਅਸੀ ਵੇਖਦੇ ਹਾਂ ਕਿ "ਲੇਲਾ" "ਉਹਦੇ" ਕੋਲੋਂ ਪੋਥੀ ਲੈ ਰਿਹਾ ਹੈ ਜਿਹੜਾ ਸਿੰਘਾਸਣ ਤੇ ਬੈਠਾ ਹੋਇਆ ਸੀ, ਜਿਹਦਾ ਇਸ਼ਾਰਾ ਪਰਕਾਸ਼ ਦੀ ਪੋਥੀ ੪:੨–੩ ਅਤੇ ੯–੧੦ ਵਿੱਚ ਕੀਤਾ ਗਿਆ ਹੈ। ਇਹ ਕੀ ਹੈ ? ਇਹ ਤਾਂ ਇਕ ਪਰਮੇਸ਼ੁਰ "Ono God" ਦਾ ਭੇਤ ਹੈ। ਉਹ (ਯਿਸੂ), ਪਰਮੇਸ਼ੁਰ ਵਿੱਚੋ ਨਿਕਲਿਆ, ਦੇਹ ਵਿੱਚ ਪਰਗਟ ਹੋਇਆ, ਮਰਿਆ ਤੇ ਫੇਰ ਜੀ ਉਠਿਆ, ਅਤੇ ਵਾਪਸ "ਪਿਤਾ ਦੀ ਗੋਦ" ਵਿੱਚ ਚਲਿਆ ਗਿਆ। ਜਿਦਾਂ ਕਿ ਯੂਹੰਨਾਂ ਨੇ ਆਖਿਆ ਹੈ, "ਕੇਵਲ ਇਕਲੌਤੇ ਨੇ ਜੋ ਪਿਤਾ ਦੀ ਗੋਦ ਵਿੱਚ ਉਹਨੇ ਉਹਨੂੰ ਪਰਗਟ ਕੀਤਾ ਹੈ।" (ਯੂਹੰਨਾਂ ੧:੧੮) ਹੁਣ ਇਹ ਸਮਾਂ ਪਰਮੇਸ਼ੁਰ (ਮਸੀਹ) ਦੇ

ਲਈ ਸੀ ਕਿ ਆਣ ਕੇ ਆਪਣੀ ਦੁਲਹਨ ਨੂੰ ਲੈ ਜਾਵੇ ਤੇ ਤਦ ਆਪਣੇ ਆਪ ਨੂੰ ਇਸਰਾਏਲ ਕੌਮ ਉੱਤੇ ਜਾਹਿਰ ਕਰੇ। ਇੰਜ ਅਸੀਂ ਵੇਖਦੇ ਹਾਂ ਕਿ ਪਰਮੇਸ਼ੁਰ ਫੇਰ ਮਨੁੱਖ ਦੇ ਨਾਲ ਸਰੀਰਕ ਰਿਸ਼ਤਾ "ਦਾਉਦ ਦੇ ਪੁੱਤਰ," ਰਾਜਿਆਂ ਦਾ ਰਾਜਾ, ਪ੍ਰਭੂਆਂ ਦਾ ਪ੍ਰਭੂ, ਗੈਰ ਕੌਮਾਂ ਦੀ ਲਾੜੀ ਦੇ ਲਾੜੇ ਦੇ ਤੌਰ ਤੇ ਜੋੜਨ ਲਈ ਅਗਾਂਹ ਵਧ ਰਿਹਾ ਹੈ।" ਇਹ "ਦੋ" (Two) ਪਰਮੇਸ਼ੁਰ ਨਹੀਂ ਹਨ, ਪਰ ਕੇਵਲ ਇਕ ਪਰਮੇਸ਼ੁਰ ਜੋ ਆਪਣੇ ਮਹਾਨ ਦਫਤਰਾਂ ਜਾਂ ਖਿਤਾਬਾਂ ਨੂੰ ਪੇਸ਼ ਕਰ ਰਿਹਾ ਹੈ।

ਲੋਕ ਜਾਣਦੇ ਸਨ ਕਿ ਉਹ ਨਬੀ ਸੀ। ਉਹ ਮਸੀਹ ਦੇ ਚਿੰਨ ਨੂੰ ਜਾਣਦੇ ਸਨ ਜੋ ਕਿ ਇੱਕ ਨਬੀ ਦੇ ਰਾਹੀ ਹੀ ਆ ਸਕਦਾ ਸੀ। ਯੂਹੰਨਾਂ ੧:੪੪–੫੧, " ਅਤੇ ਫਿਲਿੱਪਸ ਬੈਤਸੈਦੇ ਦਾ ਸੀ ਜੋ ਅੰਦ੍ਰਿਯਾਸ ਅਰ ਪਤਰਸ ਦਾ ਨਗਰ ਹੈ ਫਿਲਿੱਪੁਸ ਨੇ ਨਥਾਨੀਏਲ ਨੂੰ ਲੱਭ ਕੇ ਉਹ ਨੂੰ ਆਖਿਆ ਕਿ ਜਿਹਦੇ ਵਿਖੇ ਮੂਸਾ ਨੇ ਤੁਰੇਤ ਵਿੱਚ ਅਤੇ ਨਬੀਆਂ ਨੇ ਲਿਖਿਆ ਸੋ ਅਸਾਂ ਉਸ ਨੂੰ ਲੱਭ ਲਿਆ ਹੈ, ਉਹ ਯੂਸਫ ਦਾ ਪੁੱਤ੍ਰ ਯਿਸੂ ਨਾਸਰਤ ਦਾ ਹੈ। ਤਾਂ ਨਥੈਨੀਏਲ ਨੇ ਉਸ ਨੂੰ ਆਖਿਆ, ਭਲਾ, ਨਾਸਰਤ ਵਿੱਚੋਂ ਕੋਈ ਉਤਮ ਵਸਤੂ ਨਿੱਕਲ ਸੱਕਦੀ ਹੈ? ਫਿਲਿੱਪੁਸ ਨੇ ਉਹ ਨੂੰ ਆਖਿਆ ਆ ਤੇ ਵੇਖ। ਯਿਸੂ ਨੇ ਨਥਾਈਏਲ ਨੂੰ ਆਪਣੀ ਵੱਲ ਆਉਂਦਾ ਵੇਖ ਕੇ ਉਹਦੇ ਵਿਖੇ ਆਖਿਆ, ਵੇਖੋ ਸੱਚਾ ਇਸਰਾਏਲੀ ਜਿਹਦੇ ਵਿੱਚ ਛੱਲ ਨਹੀਂ ਹੈ।

ਨਥਾਨੀਏਲ ਨੇ ਉਸ ਨੂੰ ਆਖਿਆ, ਤੁਸੀਂ ਮੈਨੂੰ ਕਿਥੋਂ ਜਾਣਦੇ ਹੋ ? ਯਿਸੂ ਨੇ ਉਹਨੂੰ ਉੱਤਰ ਦਿੱਤਾ ਭਈ ਉਸ ਤੋਂ ਪਹਿਲਾਂ ਜੋ ਫਿਲਿੱਪੁਸ ਨੇ ਤੈਨੂੰ ਸੱਦਿਆ ਜਾ ਤੂੰ ਹੰਜ਼ੀਰ ਦੇ ਬਿਰਛ ਹੇਠ ਸੈਂ, ਮੈਂ ਤੈਨੂੰ ਡਿੱਠਾ।ਨਥਾਨੀਏਲ ਨੇ ਉਸ ਨੂੰ ਉੱਤਰ ਦਿੱਤਾ, ਸੁਆਮੀ ਜੀ ਤੁਸੀਂ ਪਰਮੇਸ਼ੁਰ ਦੇ ਪੁੱਤ੍ਰ ਹੋ, ਤੁਸੀਂ ਇਸਰਾਏਲ ਦੇ ਪਾਤਸ਼ਾਹ ਹੋ। ਯਿਸੂ ਨੇ ਉਹ ਨੂੰ ਉੱਤਰ ਦਿਤਾ, ਕੀ ਤੂੰ ਇਸ ਲਈ ਨਿਹਚਾ ਕਰਦਾ ਹੈ ਜੋ ਮੈਂ ਤੈਨੂੰ ਕਿਹਾ ਕਿ ਹੰਜੀਰ ਦੇ ਬਿਰਛ ਹੇਠ ਮੈਂ ਤੈਨੂੰ ਵੇਖਿਆ ? ਤੂੰ ਇਨ੍ਹਾਂ ਨਾਲੋਂ ਵੱਡੀਆਂ ਗੱਲਾਂ ਵੇਖੇਂਗਾ। ਫੇਰ ਉਸ ਨੂੰ ਆਖਿਆ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਤੁਸੀਂ ਅਕਾਸ਼ ਨੂੰ ਖੁਲ੍ਹਾ ਅਤੇ ਪਰਮੇਸ਼ੁਰ ਦੇ ਦੂਤਾਂ ਨੂੰ ਮਨੁੱਖ ਦੇ ਪੁੱਤ੍ਰ ਉੱਤੇ ਚੜ੍ਹਦੇ ਅਤੇ ਉਤਰਦੇ ਵੇਖੋਗੇ।"

ਮਨੁੱਖਾਂ ਦੇ ਹਿਰਦਿਆਂ ਦੇ ਵਿਚਾਰਾਂ ਨੂੰ ਜਾਚਣ ਦੀ ਯੋਗਤਾ ਨੇ ਪਰਮੇਸ਼ੁਰ ਦੇ ਚੁਣਿਆਂ ਹੋਇਆ ਨੂੰ ਇਹ ਸਮਝ ਦਿੱਤੀ ਕਿ ਮਸੀਹ ਏਥੇ ਹਾਜ਼ਰ ਹੈ, ਪਰਮੇਸ਼ੁਰ ਦਾ ਮਸਹ ਕੀਤਾ ਹੋਇਆ ਬਚਨ। ਇਬਰਾਨੀਆਂ ੪:੧੨, " ਕਿਉਂ ਜੋ ਪਰਮੇਸ਼ੁਰ ਦਾ ਬਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।"

ਜਦ ਖੂਹ ਉੱਤੇ ਉਸ ਔਰਤ ਨੇ ਉਹਦੇ ਦੁਆਰਾ ਆਪਣੇ ਦਿਲ ਦੇ ਵਿਚਾਰਾਂ ਨੂੰ ਪ੍ਰਗਟ ਹੁੰਦੇ ਸੁਣਿਆ ਤਾਂ ਉਸ ਨੇ ਉਹਨੂੰ ਨਬੀ ਮੰਨ ਲਿਆ, ਇਹ ਏਲਾਨ ਕਰਦੇ ਹੋਏ ਕਿ ਮਸੀਹ ਉਸ ਮਹਾਨ ਯੋਗਤਾ ਦੇ ਲਈ ਜਾਣਿਆ ਜਾਵੇਗਾ। ਯੂਹੰਨਾਂ ੪:੭–੨੬, " ਤਦ ਸਾਮਰਿਯਾ ਦੀ ਇੱਕ ਤੀਵੀਂ ਪਾਣੀ ਭਰਨੇ ਆਈ। ਯਿਸੂ ਨੇ ਉਹ ਨੂੰ ਆਖਿਆ, ਮੈਨੂੰ ਜਲ ਪਿਆ। ਕਿਉਂ ਜੋ ਉਸ ਦੇ ਚੇਲੇ ਖਾਣ ਲਈ ਕੁਝ ਮੁੱਲ ਲਿਆਉਣ ਨੂੰ ਨਗਰ ਵਿੱਚ ਗਏ ਹੋਏ ਸਨ। ਤਾਂ ਉਸ ਸਾਮਰੀ ਤੀਵੀਂ ਨੇ ਉਹ ਨੂੰ ਆਖਿਆ ਭਲਾ, ਤੂੰ ਯਹੂਦੀ ਹੋ ਕੇ ਮੇਰੇ ਕੋਲੋਂ ਜੋ ਸਾਮਰੀ ਤੀਵੀਂ ਹਾਂ ਪੀਣ

ਨੂੰ ਕਿਵੇਂ ਮੰਗਦਾ ਹੈਂ ? ਕਿਉਂ ਜੋ ਯਹੂਦੀ ਸਾਮਰੀਆਂ ਨਾਲ ਨਹੀਂ ਵਰਤਦੇ। ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਜੇ ਤੂੰ ਪਰਮੇਸ਼ੁਰ ਦੀ ਬਖਸ਼ਿਸ਼ ਨੂੰ ਜਾਣਦੀ ਅਤੇ ਇਹ ਕਿ ਉਹ ਕੌਣ ਹੈ ਜੋ ਤੈਨੂੰ ਆਖਦਾ ਹੈ ਭਈ ਮੈਨੂੰ ਜਲ ਪਿਆ ਤਾਂ ਤੂੰ ਉਸ ਕੋਲੋਂ ਮੰਗਦੀ, ਅਤੇ ਉਹ ਤੈਨੂੰ ਅੰਮ੍ਰਿਤ ਜਲ ਦਿੰਦਾ। ਤੀਵੀਂ ਨੇ ਉਸ ਨੂੰ ਆਖਿਆ, ਮਹਾਰਾਜ ਤੇਰੇ ਕੋਲ ਡੋਲ ਭੀ ਨਹੀਂ ਹੈ ਅਤੇ ਨਾਲੇ ਖੂਹ ਭੀ ਡੂੰਘਾ ਹੈ ਫੇਰ ਅੰਮ੍ਰਿਤ ਜਲ ਤੈਨੂੰ ਕਿੱਥੋ ਮਿਲਿਆ? ਭਲਾ, ਤੂੰ ਸਾਡੇ ਪਿਤਾ ਯਾਕੂਬ ਤੋਂ ਵੱਡਾ ਹੈ ਜਿਹਨੇ ਸਾਨੂੰ ਇਹ ਖੂਹ ਦਿੱਤਾ ਅਤੇ ਉਹਨੇ ਆਪ ਨਾਲੇ ਉਹਦੇ ਪੁੱਤ੍ਰਾਂ ਅਤੇ ਉਹਦੇ ਪਸ਼ੂਆਂ ਨੇ ਇਸ ਵਿੱਚੋਂ ਪੀਤਾ ? ਯਿਸੂ ਨੇ ਉਹ ਨੂੰ ਉੱਤਰ ਦਿੱਤਾ ਕਿ ਹਰੇਕ ਜੋ ਇਹ ਜਲ ਪੀਂਦਾ ਹੈ ਸੋ ਫੇਰ ਤਿਹਾਇਆ ਹੋਵੇਗਾ। ਪਰ ਜੋ ਕੋਈ ਮੇਰਾ ਦਿੱਤਾ ਹੋਇਆ ਜਲ ਪੀਏਗਾ ਸੋ ਸਦੀਪਕ ਕਾਲ ਤੀਕੁਰ ਕਦੇ ਤਿਹਾਇਆ ਨਾ ਹੋਵੇਗਾ ਬਲਕਿ ਉਹ ਜਲ ਜੋ ਮੈਂ ਉਹ ਨੂੰ ਦਿਆਂਗਾ ਉਹਦੇ ਵਿੱਚ ਜਲ ਦਾ ਇੱਕ ਸੋਮਾ ਬਣ ਜਾਵੇਗਾ ਜੋ ਅਨੰਤ ਜੀਉਣ ਤੀਕੁਰ ਉਛੱਲਦਾ ਰਹੇਗਾ। ਤੀਵੀਂ ਨੇ ਉਸ ਨੂੰ ਆਖਿਆ, ਮਹਾਰਾਜ ਇਹ ਜਲ ਮੈਨੂੰ ਦਿਉ ਜੋ ਮੈਂ ਤਿਹਾਈ ਨਾ ਹੋਵਾਂ, ਨਾ ਐਥੇ ਤਾਈਂ ਭਰਨ ਨੂੰ ਆਇਆ ਕਰਾਂ। ਯਿਸੂ ਨੇ ਉਹ ਨੂੰ ਆਖਿਆ, ਜਾਹ ਆਪਣੇ ਪਤੀ ਨੂੰ ਐਥੇ ਸੱਦ ਲਿਆ। ਤੀਵੀਂ ਨੇ ਉਸ ਨੂੰ ਉੱਤਰ ਦਿੱਤਾ ਕਿ ਮੇਰਾ ਪਤੀ ਹੈ ਨਹੀਂ। ਯਿਸੂ ਨੇ ਉਹ ਨੂੰ ਆਖਿਆ, ਤੈਂ ਠੀਕ ਆਖਿਆ ਜੋ ਮੇਰਾ ਪਤੀ ਹੈ ਨਹੀਂ। ਕਿਉਂਕਿ ਤੂੰ ਪੰਜ ਪਤੀ ਕਰ ਚੁੱਕੀ ਹੈ ਅਤੇ ਜਿਹੜਾ ਹੁਣ ਤੇਰੇ ਕੋਲ ਹੈ ਸੋ ਤੇਰਾ ਪਤੀ ਨਹੀਂ, ਤੈਂ ਇਹ ਸੱਤ ਆਖਿਆ ਹੈ। ਤੀਵੀਂ ਨੇ ਉਸ ਨੂੰ ਕਿਹਾ, ਪ੍ਰਭੂ ਜੀ ਮੈਨੂੰ ਸੁੱਝਦਾ ਹੈ ਜੋ ਤੁਸੀਂ ਨਬੀ ਹੋ। ਸਾਡੇ ਪਿਉ ਦਾਦਿਆਂ ਨੇ ਇਸ ਪਰਬਤ ਉੱਤੇ ਭਗਤੀ ਕੀਤੀ ਅਤੇ ਤੁਸੀਂ ਲੋਕ ਆਖਦੇ ਹੋ ਜੋ ਉਹ ਅਸਥਾਨ ਯਰੂਸ਼ਲਮ ਵਿੱਚ ਹੈ ਜਿੱਥੇ ਭਗਤੀ ਕਰਨੀ ਚਾਹੀਦੀ ਹੈ। ਯਿਸੂ ਨੇ ਉਹਨੂੰ ਆਖਿਆ, ਹੇ ਬੀਬੀ, ਤੂੰ ਮੇਰੀ ਪਰਤੀਤ ਕਰ ਕਿ ਉਹ ਸਮਾਂ ਆਉਂਦਾ ਹੈ ਜਦ ਤੁਸੀਂ ਨਾਂ ਤਾਂ ਇਸ ਪਰਬਤ ਉੱਤੇ ਅਤੇ ਨਾ ਯਰੂਸ਼ਲਮ ਵਿੱਚ ਪਿਤਾ ਦੀ ਭਗਤੀ ਕਰੋਗੇ ਤੁਸੀਂ ਜਿਹਨੂੰ ਨਹੀਂ ਜਾਣਦੇ ਉਹਦੀ ਭਗਤੀ ਕਰਦੇ ਹੋ।ਅਸੀਂ ਉਹਦੀ ਭਗਤੀ ਕਰਦੇ ਹਾਂ ਜਿਹਨੂੰ ਜਾਣਦੇ ਹਾਂ ਇਸ ਲਈ ਜੋ ਮੁਕਤੀ ਯਹੂਦੀਆਂ ਤੋਂ ਹੈ। ਪਰ ਉਹ ਸਮਾਂ ਆਉਂਦਾ ਹੈ ਜਦ ਤੁਸੀਂ ਨਾ ਤਾਂ ਇਸ ਪਰਬਤ ਉੱਤੇ ਅਤੇ ਨਾ ਯਰੂਸ਼ਲਮ ਵਿੱਚ ਪਿਤਾ ਦੀ ਭਗਤੀ ਕਰੋਗੇ।ਤੁਸੀਂ ਜਿਹਨੂੰ ਨਹੀਂ ਜਾਣਦੇ ਉਹ ਦੀ ਭਗਤੀ ਕਰਦੇ ਹੋ। ਅਸੀਂ ਉਹਦੀ ਭਗਤੀ ਕਰਦੇ ਹਾਂ ਜਿਹਨੂੰ ਜਾਣਦੇ ਹਾਂ ਇਸ ਲਈ ਜੋ ਮੁਕਤੀ ਯਹੂਦੀਆਂ ਤੋਂ ਹੈ। ਪਰ ਉਹ ਸਮਾਂ ਆਉਂਦਾ ਹੈ ਸਗੋਂ ਹੁਣੇ ਹੈ ਜੋ ਸੱਚੇ ਭਗਤ ਆਤਮਾ ਅਤੇ ਸਚਿਆਈ ਨਾਲ ਪਿਤਾ ਦੀ ਭਗਤੀ ਕਰਨਗੇ ਕਿਉਂਕਿ ਪਿਤਾ ਏਹੋ ਜਿਹੇ ਭਗਤਾਂ ਨੂੰ ਚਾਹੁੰਦਾ ਹੈ। ਪਰਮੇਸ਼ੁਰ ਆਤਮਾ ਹੈ ਅਤੇ ਜੋ ਉਹਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਭਈ ਉਹ ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨ। ਤੀਵੀਂ ਨੇ ਉਸਨੂੰ ਆਖਿਆ, ਮੈਂ ਜਾਣਦੀ ਹਾਂ ਜੋ ਮਸੀਹ ਆਉਂਦਾ ਹੈ ਜਿਹਨੂੰ ਖ੍ਰਿਸਤੁਸ ਕਰਕੇ ਸੱਦੀਦਾ ਹੈ। ਜਾਂ ਉਹ ਆਊਗਾ ਤਾਂ ਸਾਨੂੰ ਸੱਭੋ ਕੁਝ ਦੱਸੂ। ਯਿਸੂ ਨੇ ਉਹਨੂੰ ਆਖਿਆ, ਮੈਂ ਜੋ ਤੇਰੇ ਨਾਲ ਬੋਲਦਾ ਹਾਂ ਸੋ ਉਹੋ ਹੀ ਹਾਂ।"

ਪਰਕਾਸ਼ ਦੀ ਪੋਥੀ ੧੫:੩ ਵਿੱਚ ਇੰਜ ਆਇਆ ਹੈ, " ਅਤੇ ਉਹ ਪਰਮੇਸ਼ੁਰ ਦੇ ਦਾਸ ਮੂਸਾ ਦਾ ਗੀਤ ਅਤੇ ਲੇਲੇ ਦਾ ਗੀਤ ਗਾਉਂਦੇ ਹੋਏ ਆਖਦੇ ਹਨ, :

ਹੇ ਪ੍ਰਭੂ ਪਰਮੇਸ਼ੁਰ, ਸਰਬ ਸ਼ਕਤੀਮਾਨ,
ਵੱਡੇ ਅਤੇ ਅਚਰਜ ਹਨ ਤੇਰੇ ਕੰਮ ।
ਹੇ ਕੌਮਾਂ ਦੇ ਪਾਤਸ਼ਾਹ, ਜਥਾਰਥ ਅਤੇ ਸਤ ਤੇਰੇ ਮਾਰਗ।" ਕੀ ਤੁਸੀਂ ਇਹ ਵੇਖਦੇ ਹੋ ?

ਲੇਲਾ ਜੋ ਕਿ ਪਰਧਾਨ ਜਾਜਕ ਹੈ ਦਯਾ ਦੇ ਸਿੰਘਾਸਣ ਉੱਤੇ ਆਪਣੇ ਲਹੂ ਲੈ ਕੇ ਸਾਡੇ ਪਾਪਾਂ ਦੇ ਪਰਾਸਚਿਤ

ਵਾਸਤੇ ਖੜਾ ਹੈ ਤੇ ਉਹ ਪ੍ਰਭੂ ਪਰਮੇਸ਼ੁਰ ਸਰਬਸ਼ਕਤੀਮਾਨ ਹੈ।

ਇਹ ਉਹਦਾ ਮੌਜੂਦਾ ਦਫਤਰ ਹੈ। ਏਹੋ ਕੁਝ ਹੀ ਉਹ ਕਰ ਰਿਹਾ ਹੈ, ਸਾਡੇ ਪਾਪਾਂ ਦੇ ਲਈ ਆਪਣੇ ਲਹੂ ਨਾਲ ਸਿਫਾਰਸ਼ ਕਰ ਰਿਹਾ ਹੈ। ਪਰ ਇੱਕ ਦਿਨ ਉਹ ਲੇਲਾ ਯਹੂਦਾ ਦੇ ਗੋਤ੍ਰ ਦਾ ਸ਼ੇਰ ਬਣ ਜਾਵੇਗਾ।ਉਹ ਆਪਣੀ ਸ਼ਕਤੀ ਅਤੇ ਮਹਿਮਾ ਵਿੱਚ ਆਵੇਗਾ ਅਤੇ ਇੱਕ ਰਾਜੇ ਵਾਂਗੂ ਰਾਜ ਕਰਨ ਲਈ ਆਪਣਾ ਇਖਤਿਆਰ ਲਵੇਗਾ। ਤੇ ਉਹ ਇਸ ਧਰਤੀ ਦਾ ਆਉਣ ਵਾਲਾ ਰਾਜਾ ਹੈ। ਬੇਸ਼ਕ, ਇਹ ਦਾ ਅਰਥ ਇਹ ਨਹੀਂ ਹੈ ਕਿ ਉਹ ਹੁਣ ਰਾਜਾ ਨਹੀਂ ਹੈ। ਕਿਉਂਕਿ ਉਹ ਸਾਡਾ ਰਾਜਾ ਹੈ, ਸੰਤਾਂ ਦਾ ਰਾਜਾ। ਠੀਕ ਹੁਣੇ ਇਹ ਤਾਂ ਆਤਮਿਕ ਪਾਤਸ਼ਾਹੀ ਹੈ। ਇਹ ਇਸ ਜਹਾਨ ਦੀ ਪ੍ਰਣਾਲੀ ਤੋਂ ਨਹੀਂ ਹੈ, ਏਥੋਂ ਤਕ ਕਿ ਅਸੀਂ ਵੀ ਇਸ ਜਹਾਨ ਦੇ ਨਹੀਂ ਹਾਂ। ਸਾਡੀ ਨਾਗਰਿਕਤਾ ਸੁਰਗ ਵਿੱਚ ਹੈ। ਅਸੀਂ ਆਪਣੇ ਨਵੇਂ ਜਨਮ ਦੀ ਆਤਮਾ ਵਾਲੇ ਸੰਸਾਰ ਦਾ ਪਰਕਾਸ਼ ਦੇਂਦੇ ਹਾਂ ਜਿਥੇ ਯਿਸੂ ਸਾਡਾ ਰਾਜਾ ਹੈ। ਏਸੇ ਲਈ ਸਾਡੀਆਂ ਔਰਤਾਂ ਮਰਦਾਂ ਵਾਲੇ ਕਪੜੇ ਨਹੀਂ ਪਾਉਂਦੀਆਂ ਜਾਂ ਆਪਣੇ ਵਾਲ ਨਹੀ ਕਟਾਉਂਦੀਆਂ ਅਤੇ ਨਾ ਹੀ ਸੁਰਖੀ ਬਿੰਦੀ ਰੰਗ ਰੋਗਨ ਅਤੇ ਹੋਰ ਸ਼ਿੰਗਾਰ ਕਰਨ ਵਾਲੀਆਂ ਚੀਜ਼ਾਂ ਹੀ ਵਰਤਦੀਆਂ ਹਨ ਜਿਹਨੂੰ ਸੰਸਾਰ ਬਹੁਤ ਪਸੰਦ ਕਰਦਾ ਹੈ। ਏਸੇ ਲਈ ਸਾਡੇ ਮਰਦ ਨਾ ਤਾਂ ਸ਼ਰਾਬ ਪੀਂਦੇ ਤੇ ਨਾ ਹੀ ਸਿਗਰਟਾ ਪੀਂਦੇ ਹਨ ਤੇ ਨਾ ਹੀ ਪਾਪ ਵਿੱਚ ਜੀਵਨ ਗੁਜਾਰਦੇ ਹਨ। ਸਾਡੀ ਪਾਤਸ਼ਾਹੀ ਪਾਪ ਉਤੇ ਫਤੇਹ ਪਾਈ ਹੋਈ ਪਾਤਸ਼ਾਹੀ ਹੈ ਅਤੇ ਇਹ ਪਾਤਸ਼ਾਹੀ ਕਾਇਮ ਤੇ ਬਰਕਰਾਰ ਹੈ ਮਸੀਹ ਦੇ ਆਤਮਾ ਦੀ ਸ਼ਕਤੀ ਦੇ ਦੁਆਰਾ ਉਹ ਆਤਮਾ ਜਿਹੜਾ ਸਾਡੇ ਅੰਦਰ ਵਾਸ ਕਰਦਾ ਹੈ। ਇਸ ਸੰਸਾਰ ਦੀ ਹਰੇਕ ਪਾਤਸ਼ਾਹੀ ਨਾਸ ਕੀਤੀ ਜਾਵੇਗੀ, ਪਰ ਸਾਡੀ ਕਾਇਮ ਰਹੇਗੀ।

ਹੁਣ ਅਸੀਂ ਇੱਕ ਸੱਚੇ ਪਰਮੇਸ਼ੁਰ ਦੇ ਦਫਤਰਾਂ ਅਤੇ ਪਰਗਟਾਵਿਆਂ ਦੇ ਬਾਰੇ ਗੱਲ ਬਾਤ ਕਰਦੇ ਆ ਰਹੇ ਹਾਂ ਅਤੇ ਲਿਖਤਾਂ ਦੇ ਅਧਿਐਨ ਵਿੱਚ ਉਹਦੀ ਮਹਿਮਾ ਨੂੰ ਵੇਖਿਆ ਹੈ। ਪਰ ਉਹ ਬੁੱਧੀ ਦੇ ਰਾਹੀਂ ਨਹੀਂ ਸਮਝਿਆ ਜਾਂ ਜਾਣਿਆ ਜਾਂਦਾ। ਉਹ ਰੂਹਾਨੀ ਤੌਰ ਨਾਲ ਜਾਣਿਆ ਜਾਣਾ ਹੈ ਤੇ ਆਤਮਿਕ ਪਰਕਾਸ਼ ਦੀ ਲੋੜ ਹੁੰਦੀ ਹੈ। ਇਹ ਉਹੋ ਹੀ ਜੋ ਯਿਸੂ ਜਾਣਿਆ ਜਾਂਦਾ ਸੀ ਜਦ ਦੇਹ ਵਾਪਸ ਅੱਗ ਦੇ ਥੰਮੇ ਵਿੱਚ ਪਰਤ ਗਈ। ਪਰ ਉਹਨੇ ਵਾਇਦਾ ਕੀਤਾ ਸੀ ਕਿ ਉਹ ਫੇਰ ਆਵੇਗਾ ਅਤੇ ਆਪਣੇ ਲੋਕਾਂ ਦੇ ਦਰਮਿਆਨ ਆਤਮਾ ਦੇ ਦੁਆਰਾ ਵਾਸ ਕਰੇਗਾ। ਅਤੇ ਪੈਂਤੇਕੁਸਤ ਦੇ ਦਿਨ ਉਹ ਅੱਗ ਦਾ ਥੰਮਾ ਹੇਠਾ ਉਤਰ ਆਇਆ ਤੇ ਉਹਨਾਂ ਲੋਕਾਂ ਉਤੇ ਅੱਗ ਦੀਆਂ ਫੱਟਦੀਆਂ ਜੀਭਾਂ ਵਾਂਗੂ ਫੈਲ ਗਿਆ। ਪਰਮੇਸ਼ੁਰ ਕੀ ਕਰ ਰਿਹਾ ਸੀ ? ਉਹ ਆਪਣੇ ਆਪ ਨੂੰ ਕਲੀਸੀਯਾ ਦੇ ਅੰਦਰ ਉਤਾਰ ਰਿਹਾ ਸੀ ਅਤੇ ਉਹਨਾਂ ਸਭਨਾਂ ਮਨੁੱਖਾਂ ਅਤੇ ਤੀਵੀਆਂ ਨੂੰ ਆਪਣੇ ਆਪ ਦਾ ਇੱਕ ਦੇ ਰਿਹਾ ਸੀ। ਉਹਨੇ ਆਪਣੇ ਆਪ ਨੂੰ ਆਪਣੀ ਕਲੀਸੀਯਾ ਵਿੱਚ ਵੰਡ ਦਿੱਤਾ ਬਿਲਕੁਲ ਉਦਾਂ ਹੀ ਜਿਦਾਂ ਉਹਨੇ ਆਖਿਆ ਸੀ ਕਿ ਉਹ ਕਰੇਗਾ। ਯੂਹੰਨਾ ੧੪:੧੬–੨੩, " ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ। ਅਰਥਾਤ ਸਚਿਆਈ ਦੀ ਆਤਮਾ ਜਿਹਨੂੰ ਜਗਤ ਨਹੀਂ ਪਾ ਸਕਦਾ ਕਿਉਂਕਿ ਜੋ ਉਹ ਉਸ ਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਤੇ ਤੁਹਾਡੇ ਵਿੱਚ ਹੋਵੇਗਾ। ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ। ਮੈਂ ਤੁਹਾਡੇ ਕੋਲ ਆਵਾਂਗਾ। ਹੁਣ ਥੋੜੇ ਚਿਰ ਪਿੱਛੋਂ ਜਗਤ ਮੈਨੂੰ ਫੇਰ ਨਾ ਵੇਖੇਗਾ ਪਰ ਤੁਸੀਂ ਮੈਨੂੰ ਵੇਖੋਗੇ। ਇਸ ਕਰਕੇ ਜੋ ਮੈਂ ਜੀਉਂਦਾ ਹਾਂ ਤੁਸੀਂ ਭੀ ਜੀਉਗੇ। ਉਸ ਦਿਨ ਤੁਸੀਂ ਜਾਣੋਗੇ ਭਈ ਮੈਂ ਆਪਣੇ ਪਿਤਾ ਵਿੱਚ ਅਰ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ ਜਿਹਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ

ਹੈ, ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਵੇਗਾ ਅਰ ਮੈਂ ਉਹਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਤਾਈਂ ਉਸ ਉਤੇ ਪਰਗਟ ਕਰਾਂਗਾ। ਯਹੂਦਾ ਇਸਕਰਿਯੋਤੀ, ਨੇ ਉਹਨੂੰ ਆਖਿਆ, ਪ੍ਰਭੂ ਜੀ ਕੀ ਹੋਇਆ ਹੈ ਜੋ ਤੂੰ ਆਪਣਾ ਆਪ ਸਾਡੇ ਉਤੇ ਪਰਗਟ ਕਰੇਗਾ ਅਰ ਜਗਤ ਉਤੇ ਨਹੀਂ ? ਯਿਸੂ ਨੇ ਉਹਨੂੰ ਉੱਤਰ ਦਿੱਤਾ, ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਬਚਨ ਦੀ ਪਾਲਨਾ ਕਰੇਗਾ ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹਦੇ ਕੋਲ ਆਵਾਂਗੇ ਅਰ ਉਹਦੇ ਨਾਲ ਵਾਸ ਕਰਾਂਗੇ।" ਉਹਨੇ ਕਿਹਾ ਕਿ ਉਹ ਪਿਤਾ ਤੋਂ ਮੰਗੇਗਾ ਜਿਹੜਾ ਉਹਨਾਂ ਨੂੰ ਦੂਜਾ ਸਹਾਇਕ ਘੱਲੇਗਾ ਜੋ ਕਿ ਉਹਨਾਂ ਦੇ ਨਾਲ (ਚੇਲਿਆਂ ਦੇ ਨਾਲ) ਪਹਿਲਾਂ ਹੀ ਸੀ ਪਰ ਉਹਨਾਂ ਦੇ ਅੰਦਰ ਨਹੀਂ ਸੀ। ਉਹ ਮਸੀਹ ਸੀ। ਤਦ ਤੇਈ ਆਇਤ ਵਿੱਚ, ਆਪਣੇ ਬਾਰੇ ਅਤੇ ਪਿਤਾ ਦੇ ਬਾਰੇ ਬੋਲਦਿਆਂ ਹੋਇਆ, ਉਹਨੇ ਕਿਹਾ ਕਿ ਅਸੀਂ ਆਵਾਂਗੇ। ਇਹ ਉਹ ਗੱਲ ਹੈ, " ਆਤਮਾ ਆ ਰਿਹਾ ਸੀ, ਪਰਮੇਸ਼ੁਰ ਦਾ ਉਹੋ ਹੀ ਆਤਮਾ ਜੋ ਪਿਤਾ ਅਤੇ ਪੁੱਤਰ ਵਿੱਚ ਹੋ ਕੇ ਪਰਗਟ ਹੋਇਆ, ਅਤੇ ਬਹੁਤ ਸਾਰੇ ਲੋਕਾਂ ਵਿੱਚ ਪਰਗਟ ਹੋਵੇਗਾ" One God ਇੱਕ ਪਰਮੇਸ਼ੁਰ ਜੋ ਕਿ ਆਤਮਾ ਹੈ। ਏਸੇ ਲਈ ਕੋਈ ਮਨੁੱਖ ਕਦੇ ਵੀ ਆਣ ਕੇ ਨਹੀਂ ਕਹਿ ਸਕਦਾ ਕਿ ਪੋਪ ਪਵਿੱਤ੍ਰ ਜਨ ਹੈ ਜਾਂ ਬਿਸ਼ਪ ਜਾਂ ਜਾਜਕ ਪਵਿੱਤ੍ਰ ਜਨ ਹੈ। ਪਵਿੱਤ੍ਰ ਜਨ ਤਾਂ ਮਸੀਹ ਹੈ, ਜੋ ਪਵਿੱਤ੍ਰ ਆਤਮਾ ਹੈ ਅਤੇ ਸਾਡੇ ਅੰਦਰ ਵਾਸ ਕਰਦਾ ਹੈ। ਧਾਰਮਿਕ ਹਕੂਮਤ ਵਾਲੇ ਏਹਦਾ ਏਲਾਨ ਕਰਨ ਦੀ ਹਿੰਮਤ ਕਿਸ ਤਰਾਂ ਕਰਦੇ ਹਨ ਕਿ ਸਾਧਾਰਣ ਲੋਕਾਂ ਦੇ ਕੋਲ ਕਹਿਣ ਦੇ ਲਈ ਕਲਾਮ ਨਹੀਂ ਹੈ ? ਹਰੇਕ ਨੇ ਕੁਝ ਆਖਣਾ ਹੈ। ਹਰੇਕ ਦੇ ਪਾਸ ਇੱਕ ਕੰਮ ਹੈ, ਹਰੇਕ ਦੇ ਕੋਲ ਇੱਕ ਸੇਵਾ ਹੈ। ਪਵਿੱਤ੍ਰ ਆਤਮਾ ਪੈਂਤੇਕੁਸਤ ਦੇ ਦਿਨ ਉਤਰਿਆ ਤੇ ਹਰੇਕ ਤੇ ਆਣ ਠਹਿਰਿਆ ਤਾਂ ਕਿ ਇਹ ਪੂਰਾ ਹੋਵੇ ਕਿ ਜਿਦਾਂ ਮਸੀਹ ਨੇ ਆਖਿਆ ਸੀ, " ਉਸ ਦਿਨ ਤੁਸੀਂ ਜਾਣੋਗੇ ਭਈ ਮੈਂ ਆਪਣੇ ਪਿਤਾ ਵਿੱਚ ਅਰ ਤੁਸੀਂ ਮੇਰੇ ਵਿੱਚ ਅਤੇ ਮੈਂ ਤੁਹਾਡੇ ਵਿੱਚ ਹਾਂ।" (ਯੂਹੰਨਾਂ ੧੪:੨੦)

ਉਹ ਮਹਾਨ ਮੈਂ ਜੋ ਹਾਂ, ਸਰਬਸ਼ਕਤੀਮਾਨ ਪਰਮੇਸ਼ੁਰ, ਆਤਮਾ ਦੇ ਰੂਪ ਵਿੱਚ ਆਇਆ ਤਾਂ ਕਿ ਆਪਣੀ ਸੱਚੀ ਕਲੀਸੀਯਾ ਨੂੰ ਭਰ ਸਕੇ। ਉਹਨੂੰ ਹਰ ਥਾਂ ਤੇ ਚੱਲਣ ਫਿਰਨ ਜਿਥੇ ਵੀ ਉਹ ਚਾਹੁੰਦਾ ਹੈ ਹੱਕ ਹੈ, ਜਿਹਨਾਂ ਉਤੇ ਉਹ ਚਾਹੁੰਦਾ ਹੈ। ਅਸੀਂ ਆਪਣੇ ਵਿਚਾਲੇ ਕੋਈ ਪਵਿੱਤ੍ਰ ਜਨ ਨਹੀਂ ਬਣਾਉਂਦੇ ਹਾਂ, ਪਰ ਸਾਰੀ ਪ੍ਰਭੂ ਦੀ ਸੱਚੀ ਸਭਾ ਪਵਿੱਤ੍ਰ ਹੈ। ਅਤੇ ਇਹ ਪਵਿੱਤ੍ਰ ਆਤਮਾ ਦੀ ਹਜ਼ੂਰੀ ਦੇ ਸਬੱਬ ਨਾਲ ਹੈ। ਇਹ ਤਾਂ ਉਹ ਹੈ। ਪਵਿੱਤ੍ਰ ਆਤਮਾ, ਜੋ ਕਿ ਪਵਿੱਤ੍ਰ ਹੈ, ਤੇ ਆਪਣੇ ਸਭਾ ਨਹੀਂ ਹੈ।

ਹੁਣ ਇਹ ਤਾਂ ਪਰਕਾਸ਼ ਹੈ : ਯਿਸੂ ਮਸੀਹ ਪਰਮੇਸ਼ੁਰ ਹੈ। ਪੁਰਾਣੇ ਨੇਮ ਦਾ ਯਹੋਵਾਹ ਹੀ ਨਵੇਂ ਨੇਮ ਦਾ ਯਿਸੂ ਹੈ। ਕੋਈ ਗੱਲ ਨਹੀਂ ਤੁਸੀਂ ਕਿੰਨਾਂ ਵੀ ਯਤਨ ਕਿਉਂ ਨਾ ਕਰੋ, ਇਸ ਗੱਲ ਦਾ ਸਬੂਤ ਨਹੀਂ ਦੇ ਸਕਦੇ ਕਿ ਪਰਮੇਸ਼ੁਰ ਤਿੰਨ ਹਨ। ਪਰ ਏਥੇ ਵੀ ਤੁਹਾਨੂੰ ਇਹ ਸਚਾਈ ਸਮਝਾਉਣ ਲਈ ਕਿ ਉਹ ਇੱਕ ਹੈ ਪਵਿੱਤ੍ਰ ਆਤਮਾ ਦੇ ਪਰਕਾਸ਼ ਦੀ ਲੋੜ ਹੈ। ਇਹ ਵੇਖਣ ਲਈ ਕਿ ਪੁਰਾਣੇ ਨੇਮ ਦਾ ਯਹੋਵਾਹ ਹੀ ਨਵੇਂ ਨੇਮ ਦਾ ਯਿਸੂ ਹੈ, ਪਰਕਾਸ਼ ਦੀ ਲੋੜ ਹੈ। ਸ਼ੈਤਾਨ ਕਲੀਸੀਯਾ ਵਿੱਚ ਵੜ ਆਇਆ ਹੈ ਤੇ ਉਸ ਨੇ ਲੋਕਾਂ ਨੂੰ ਇਸ ਸਚਾਈ ਤੋਂ ਅੰਨਿਆਂ ਕਰ ਦਿੱਤਾ ਹੈ। ਅਤੇ ਜਦ ਉਹ ਇਸ ਸਚਾਈ ਤੋਂ ਅੰਨਿਆਂ ਕੀਤੇ ਗਏ ਤੇ ਬਹੁਤਾ ਚਿਰ ਨਹੀਂ ਹੋਇਆ ਕਿ ਰੋਮ ਦੀ ਕਲੀਸੀਯਾਂ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦੇਣਾ ਬੰਦ ਕਰ ਦਿੱਤਾ। ਮੈਂ ਮੰਨਦਾ ਹਾਂ ਕਿ ਪਰਮੇਸ਼ੁਰਤਾਈ ਨੂੰ ਸਮਝਣ ਦੇ ਲਈ ਪਵਿੱਤ੍ਰ ਆਤਮਾ ਦੇ ਪਰਕਾਸ਼ ਦੀ ਲੋੜ ਹੈ। ਇਹਨਾਂ ਦਿਨਾਂ ਵਿੱਚ ਇਸ ਪਰਮੇਸ਼ੁਰਤਾਈ ਦੀ ਸਚਾਈ ਨੂੰ ਸਮਝਣ ਲਈ ਪਵਿੱਤ੍ਰ ਆਤਮਾ ਦੇ ਪਰਕਾਸ਼ ਦੀ ਲੋੜ ਹੈ ਜਦ ਕਿ ਅਸੀਂ ਲਿਖਤਾਂ

ਦੇ ਵਿਗਾੜ ਅਤੇ ਤੋੜ ਮਰੋੜ ਦੇ ਵਿਚਕਾਏ ਖਲੋਤੇ ਹਾਂ। ਕਿਉਂਕਿ ਪਰਬਲ ਹੋਣ ਵਾਲੀ ਅਤੇ ਜਿੱਤ ਪਾਉਣ ਵਾਲੀ ਕਲੀਸੀਯਾ ਪਰਕਾਸ਼ ਤੇ ਬਣਾਈ ਗਈ ਹੈ ਇਸ ਲਈ ਅਸੀਂ ਪਰਮੇਸ਼ੁਰ ਤੋਂ ਆਸ ਕਰਦੇ ਹਾਂ ਕਿ ਉਹ ਸਾਡੇ ਉਤੇ ਆਪਣੀ ਸਚਾਈ ਨੂੰ ਪ੍ਰਗਟ ਕਰੇਗਾ। ਫਿਰ ਵੀ ਤੁਹਾਨੂੰ ਪਾਣੀ ਦੇ ਬਪਤਿਸਮੇ ਦੇ ਲਈ ਪਰਕਾਸ਼ ਦੀ ਲੋੜ ਨਹੀਂ ਹੈ। ਇਹ ਤਾਂ ਠੀਕ ਤੁਹਾਡੇ ਚੇਹਰੇ ਵੱਲ ਟਿਕ ਟਿਕੀ ਲਗਾ ਕੇ ਵੇਖ ਰਿਹਾ ਹੈ। ਕੀ ਰਸੂਲਾਂ ਕੋਲੋਂ ਇਹ ਹੋ ਸਕਦਾ ਸੀ ਕਿ ਉਹ ਇੱਕ ਪਲ ਵਾਸਤੇ ਵੀ ਪ੍ਰਭੂ ਦੀ ਸਿੱਧੀ ਆਗਿਆ ਪਿੱਤਾ, ਪੁੱਤਰ, ਅਤੇ ਪਵਿੱਤ੍ਰ ਆਤਮਾ ਦੇ ਨਾਂ ਵਿੱਚ ਬਪਤਿਸਮਾ ਦੇਣ ਤੋਂ ਕੁਰਾਹੇ ਪੈ ਜਾਣ ਅਤੇ ਆਪਣੇ ਆਪ ਨੂੰ ਜਾਣ ਬੁੱਝ ਕੇ ਅਣ ਆਗਿਆਕਾਰੀ ਵਿੱਚ ਪੈਣ ਦੇਣ ?

ਉਹ ਜਾਣਦੇ ਸਨ ਕਿ ਨਾਮ ਕੀ ਹੈ, ਅਤੇ ਬਚਨ ਦੇ ਅੰਦਰ ਕੋਈ ਅਜਿਹੀ ਥਾਂ ਨਹੀਂ ਹੈ ਕਿ ਜਿਥੇ ਉਹਨਾਂ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਛੁੱਟ ਕਿਸੇ ਹੋਰ ਤਰੀਕੇ ਨਾਲ ਬਪਤਿਸਮਾ ਦਿੱਤਾ ਹੋਵੇ। ਸਾਧਾਰਣ ਸਮਝ ਵੀ ਤੁਹਾਨੂੰ ਦੱਸੇਗੀ ਕਿ ਰਸੂਲਾਂ ਦੇ ਕਰਤੱਬ ਦੀ ਪੁਸਕਤ ਵਿੱਚ ਕਲੀਸੀਯਾ ਦੇ ਰਾਹੀਂ ਕੀਤੇ ਕੰਮ ਦਰਜ ਹਨ, ਅਤੇ ਜੇ ਉਹਨਾਂ ਉਸ ਢੰਗ ਨਾਲ ਬਪਤਿਸਮਾ ਦਿੱਤਾ ਸੀ, ਤਦ ਏਹੋ ਹੀ ਬਪਤਿਸਮਾ ਦੇਣ ਦਾ ਢੰਗ ਹੈ। ਜੇਕਰ ਤੁਸੀਂ ਸਮਝਦੇ ਹੋ ਕਿ ਉਹ ਤਾਂ ਇੱਕ ਠੋਸ ਸਚਾਈ ਹੈ ਫਿਰ ਇਹਦੇ ਬਾਰੇ ਤੁਹਾਡਾ ਕੀ ਵਿਚਾਰ ਹੈ ? ਹਰ ਇੱਕ ਜਿਸ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਨਹੀਂ ਦਿੱਤਾ ਗਿਆ ਉਹਦਾ ਫੇਰ ਦੁਬਾਰਾ ਹੋਇਆ ਰਸੂਲਾਂ ਦੇ ਕਰਤੱਬ ੧੯:੧–੬. " ਇਉਂ ਹੋਇਆ ਕਿ ਜਾਂ ਅਪੁਲੋਸ ਕੁਰਿੰਥੁਸ ਵਿੱਚ ਸੀ ਤਾਂ ਪੌਲੁਸ ਉਪਰਲਿਆਂ ਇਲਾਕਿਆਂ ਵਿੱਚੋਂ ਦੀ ਲੰਘ ਕੇ ਅਫ਼ਸੁਸ ਨੂੰ ਆਇਆ ਅਤੇ ਕਈ ਚੇਲਿਆਂ ਨੂੰ ਲੱਭ ਕੇ ਉਨ੍ਹਾਂ ਨੂੰ ਆਖਿਆ, ਜਾਂ ਤੁਸਾਂ ਨਿਹਚਾ ਕੀਤੀ ਤਾਂ ਕੀ ਤੁਹਾਨੂੰ ਪਵਿੱਤ੍ਰ ਆਤਮਾ ਮਿਲਿਆ ? ਉਨਾਂ ਉਸ ਨੂੰ ਕਿਹਾ, ਅਸਾਂ ਤਾਂ ਇਹ ਸੁਣਿਆ ਭੀ ਨਹੀਂ ਭਈ ਪਵਿੱਤ੍ਰ ਆਤਮਾ ਹੈਗਾ ਹੈ। ਉਨ ਆਖਿਆ, ਫੇਰ ਤੁਸਾਂ ਕਾਹ ਦਾ ਬਪਤਿਸਮਾ ਲਿਆ ? ਉਹ ਬੋਲੇ, ਯੂਹੰਨਾਂ ਦਾ ਬਪਤਿਸਮਾ। ਉਪਰੰਤ ਪੌਲੁਸ ਨੇ ਕਿਹਾ, ਯੂਹੰਨਾਂ ਤੋਬਾ ਦਾ ਬਪਤਿਸਮਾ ਦਿੰਦਾ ਅਤੇ ਲੋਕਾਂ ਨੂੰ ਇਹ ਆਖਦਾ ਸੀ ਭਈ ਤੁਸੀਂ ਉਸ ਉਤੇ ਜੋ ਮੇਰੇ ਪਿੱਛੇ ਆਉਣ ਵਾਲਾ ਹੈ ਅਰਥਾਤ ਯਿਸੂ ਉਤੇ ਨਿਹਚਾ ਕਰੋ ਇਹ ਸੁਣ ਕੇ ਉਨਾਂ ਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਿਆ। ਅਤੇ ਜਾਂ ਪੌਲੁਸ ਨੇ ਉਨ੍ਹਾਂ ਉਤੇ ਹੱਥ ਧਰੇ ਤਾਂ ਪਵਿੱਤ੍ਰ ਆਤਮਾ ਉਨ੍ਹਾਂ ਤੇ ਉਤਰਿਆ ਅਰ ਉਹ ਬੋਲੀਆਂ ਬੋਲਣ ਅਤੇ ਅਗੰਮ ਵਾਕ ਕਰਨ ਲੱਗੇ ਆਹ ਸੀ ਗੱਲ। ਅਫ਼ਸੁਸ ਦੇ ਏਹਨਾਂ ਪਿਆਰੇ ਲੋਕਾਂ ਨੇ ਆਉਣ ਵਾਲੇ ਮਸੀਹ ਦੇ ਬਾਰੇ ਸੁਣਿਆ ਹੋਇਆ ਸੀ, ਯੂਹੰਨਾਂ ਨੇ ਉਹਦਾ ਪਰਚਾਰ ਕੀਤਾ ਸੀ। ਉਹਨਾਂ ਨੂੰ ਤਾਂ ਤੋਬਾ ਦਾ ਬਪਤਿਸਮਾ ਦਿੱਤਾ ਗਿਆ, ਅਤੇ ਯਿਸੂ ਉਤੇ ਨਿਹਚਾ ਲਿਆਉਣ ਦੀ ਉਡੀਕ ਕਰ ਰਹੇ ਸਨ। ਪਰ ਹੁਣ ਤਾਂ ਇਹ ਪਿਛਾਂਹ ਨੂੰ ਜਾ ਕੇ ਯਿਸੂ ਮਸੀਹ ਦੀ ਵਲ ਵੇਖਣ ਦਾ ਸਮਾਂ ਸੀ ਅਤੇ ਪਾਪਾਂ ਦੀ ਮਾਫੀ ਦੇ ਲਈ ਬਪਤਿਸਮਾ ਲੈਣ ਦਾ ਸਮਾਂ ਸੀ। ਅਤੇ ਜਦ ਉਹਨਾਂ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਬਪਤਿਸਮਾ ਲੈ ਲਿਆ, ਪੌਲੁਸ ਨੇ ਉਹਨਾਂ ਉਤੇ ਆਪਣੇ ਹੱਥ ਧਰੇ ਅਤੇ ਪਵਿੱਤ੍ਰ ਆਤਮਾ ਉਹਨਾਂ ਉਤੇ ਉਤਰਿਆ।

ਆਹ, ਅਫ਼ਸੁਸ ਦੇ ਉਹ ਪਿਆਰੇ ਲੋਕ ਬਹੁਤ ਹੀ ਭਲੇ ਪੁਰਸ਼ ਸਨ; ਅਤੇ ਜੇ ਕਿਸੇ ਨੂੰ ਸੁਰਖਿਅਤ ਸਮਝੇ ਜਾਣ ਦਾ ਹੱਕ ਹਾਸਲ ਤਾਂ ਉਹ ਸਿਰਫ ਇਹ ਲੋਕ ਸਨ। ਧਿਆਨ ਦਿਉ ਉਹ ਕਿਥੋਂ ਤਕ ਆਣ ਪੁੱਜੇ ਸਨ।

ਉਹ ਆਉਣ ਵਾਲੇ ਮਸੀਹ ਨੂੰ ਕਬੂਲ ਕਰਨ ਤਕ ਦਾ ਪੈਂਡਾ ਤਹਿ ਕਰ ਚੁੱਕੇ ਸਨ। ਉਹ ਉਹਦੇ ਲਈ ਤਿਆਰ ਸਨ। ਪਰ ਕੀ ਤੁਸੀਂ ਨਹੀਂ ਜਾਣਦੇ ਕਿ ਇਹ ਸਭ ਹੋਣ ਦੇ ਬਾਵਜੂਦ ਭੀ ਉਹ ਉਹਨੂੰ ਗਵਾ ਬੈਠੇ ਸਨ ? ਉਹ

ਤਾਂ ਆ ਕੇ ਜਾ ਵੀ ਚੁੱਕਿਆ ਸੀ। ਉਹਨਾਂ ਨੂੰ ਪ੍ਰਭੂ ਯਿਸੂ ਮਸੀਹ ਦੇ ਨਾਂ ਤੇ ਬਪਤਿਸਮਾ ਲੈਣ ਦੀ ਜਰੂਰਤ ਸੀ। ਉਹਨਾਂ ਨੂੰ ਪਵਿੱਤ੍ਰ ਆਤਮਾ ਨਾਲ ਭਰਨ ਦੀ ਲੋੜ ਸੀ।

ਜੇ ਤੁਹਾਡਾ ਬਪਤਿਸਮਾ ਪ੍ਰਭੂ ਯਿਸੂ ਮਸੀਹ ਦੇ ਨਾਂ ਵਿੱਚ ਹੋ ਚੁੱਕਿਆ ਹੈ, ਤਾਂ ਪਰਮੇਸ਼ੁਰ ਤੁਹਾਨੂੰ ਆਪਣੇ ਆਤਮਾ ਨਾਲ ਭਰੇਗਾ। ਅਤੇ ਉਹ ਬਚਨ ਹੈ। ਰਸੂਲਾਂ ਦੇ ਕਰਤੱਬ ੧੯:੬ ਜੋ ਅਸੀਂ ਪੜਿਆ ਹੈ। ਰਸੂਲਾਂ ਦੇ ਕਰਤੱਬ ੨:੩੮ ਨੂੰ ਪੂਰਾ ਕਰਦਾ ਹੈ, " ਤੋਬਾ ਕਰੋ ਅਤੇ ਤੁਹਾਡੇ ਵਿਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ ਯਿਸੂ ਮਸੀਹ ਦੇ ਨਾਮ ਤੇ ਬਪਤਿਸਮਾ ਲਵੇ ਤਾਂ ਤੁਸੀਂ ਪਵਿੱਤ੍ਰ ਆਤਮਾ ਦਾ ਦਾਨ ਪਾਉਗੇ।" ਵੇਖੋ, ਪੌਲੁਸ ਨੇ ਪਵਿੱਤ੍ਰ ਆਤਮਾ ਦੀ ਅਗੁਵਾਈ ਨਾਲ ਠੀਕ ਉਹੋ ਹੀ ਗੱਲ ਆਖੀ ਜੋ ਕਿ ਪਤਰਸ ਨੇ ਪਵਿੱਤ੍ਰ ਆਤਮਾ ਦੀ ਅਗੁਵਾਈ ਨਾਲ ਆਖੀ ਸੀ। ਅਤੇ ਜੋ ਕਿਹਾ ਗਿਆ ਹੈ ਉਹ ਬਦਲਿਆ ਨਹੀ ਜਾ ਸਕਦਾ। ਅਤੇ ਇਸ ਗੱਲ ਨੇ ਪੰਤੇਕੁਸਤ ਦੇ ਦਿਨ ਤੋਂ ਲੈ ਕੇ ਇੱਕੋ ਜਿਹੀ ਹੀ ਰਹਿਣਾ ਹੈ ਜਦ ਤਕ ਕਿ ਆਖਰੀ ਚੁਣਿਆ ਹੋਇਆ ਜਨ ਬਪਤਿਸਮਾ ਨਹੀਂ ਪਾ ਲੈਂਦਾ।

ਗਲਾਤੀਆਂ ਦੀ ਪੱਤਰੀ ੧:੮, " ਪਰ ਜੇਕਰ ਅਸੀਂ ਵੀ ਯਾ ਸੁਰਗ ਤੋਂ ਕੋਈ ਦੂਤ ਉਸ ਖੁਸ਼ ਖਬਰੀ ਤੋਂ ਬਿਨਾਂ ਜਿਹੜੀ ਅਸਾਂ ਤੁਹਾਨੂੰ ਸੁਣਾਈ ਸੀ ਕੋਈ ਹੋਰ ਖੁਸ਼ਖਬਰੀ ਤੁਹਾਨੂੰ ਸੁਣਾਵੇ ਤਾਂ ਉਹ ਸਰਾਪਤ ਹੋਵੇ। ਹੁਣ ਤੁਸੀਂ ਜਿਹੜੇ (oneness) ਮਿਸ਼ਨ ਦੇ ਲੋਕ ਹੋ ਜਿਹੜੇ ਇੱਕ ਵਿੱਚ ਜਮਾਂ ਨੂੰ ਮੰਨਦੇ ਹੋ ਗਲਤ ਬਪਤਿਸਮਾ ਦਿੰਦੇ ਹੋ। ਤੁਸੀਂ ਲੋਕਾਂ ਨੂੰ ਨਵੇਂ ਜਨਮ ਲਈ ਇਵੇਂ ਬਪਤਿਸਮਾ ਦਿੰਦੇ ਹੋ, ਜਿਵੇਂ ਪਾਣੀ ਡੁੱਬਕੀ ਮਾਰਨਾ ਤੁਹਾਨੂੰ ਬਚਾਉਂਦਾ ਹੈ। ਨਵਾਂ ਜਨਮ ਪਾਣੀ ਨਾਲ ਨਹੀਂ ਹੁੰਦਾ; ਇਹ ਤਾਂ ਪਵਿੱਤ੍ਰ ਆਤਮਾ ਦਾ ਕੰਮ ਹੈ। ਜਿਸ ਮਨੁੱਖ ਨੇ ਪਵਿੱਤ੍ਰ ਆਤਮਾ ਭਰ ਕੇ ਇਹ ਆਗਿਆ ਦਿੱਤੀ ਕਿ, "ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫੀ ਦੇ ਲਈ ਯਿਸੂ ਮਸੀਹ ਦੇ ਨਾਮ ਉਤੇ ਬਪਤਿਸਮਾ ਲਵੇ" ਉਹਨੇ ਇਹ ਨਹੀ ਕਿਹਾ ਕਿ ਪਾਣੀ ਨਾਲ ਨਵਾਂ ਜਨਮ ਹੁੰਦਾ ਹੈ। ਉਹਨੇ ਕਿਹਾ ਇਹ ਤਾਂ ਸ਼ੁੱਧ ਅੰਤਹ ਕਰਣ ਨਾਲ ਪਰਮੇਸ਼ੁਰ ਨੂੰ ਭਾਲਣ ਦਾ ਸਬੂਤ ਹੈ।

ਇਸ ਤੋਂ ਵੱਧ ਕੁਝ ਨਹੀ । ਪਤਰਸ ੩:੨੧ " ਇਹ ਬਪਤਿਸਮੇ ਦਾ ਨਮੂਨਾ ਹੈ, ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਰਾਹੀਂ ਬਚਾਉਂਦਾ ਹੈ। ਇਹ ਸਰੀਰ ਦੀ ਮੈਲ ਲਾਹੁਣੀ ਨਹੀਂ ਪਰ ਸ਼ੁੱਧ ਅੰਤਹਕਰਣ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ ) ਜੋ ਯਿਸੂ ਦੇ ਜੀ ਉਠਣ ਦੇ ਕਾਰਨ ਬਚਾਉਂਦਾ ਹੈ। ਮੈਂ ਇਸ ਦੀ ਨਿਹਚਾ ਕਰਦਾ ਹਾਂ।

ਜੇ ਕਿਸੇ ਦੇ ਕੋਈ ਝੂਠੇ ਵਿਚਾਰ ਹਨ ਕਿ ਇਤਿਹਾਸ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਛੁੱਟ ਕਿਸੇ ਹੋਰ ਤਰੀਕੇ ਨਾਲ ਪਾਣੀ ਦੇ ਬਪਤਿਸਮੇ ਦਾ ਸਬੂਤ ਦੇਂਦਾ ਹੈ, ਮੈਂ ਤੁਹਾਨੂੰ ਸਲਾਹ ਦਿਆਂਗਾ ਕਿ ਤੁਸੀਂ ਆਪਣੀ ਨਿਸ਼ਾਂ ਦੇ ਲਈ ਇਤਿਹਾਸਾਂ ਨੂੰ ਖੋਜੋ ਅਤੇ ਆਪਣੇ ਆਪ ਦੇ ਲਈ ਇਸ ਨੂੰ ਪੜ੍ਹ ਕੇ ਲੱਭੋ। ਹੇਠ ਲਿਖਤ ਬਪਤਿਸਮੇ ਦੇ ਬਾਰੇ ਵਿੱਚ ਸੱਚੀ ਹੈ ਜੋ ਕਿ ਰੋਮ ਦੇਸ਼ ਵਿੱਚ ੧੦੦ ਈਸਵੀ ਵਿੱਚ ਵਾਪਰੀ ਅਤੇ ਟਾਇਮ ਨਾਮਕ ਰਸਾਲੇ ਵਿੱਚ ੦੫ ਦਿਸੰਬਰ ਸੰਨ ੧੯੫੫ ਵਿੱਚ ਫੇਰ ਦੁਬਾਰਾ ਛਾਪੀ ਗਈ।" ਡੀਕਨ ਨੇ ਆਪਣਾ ਹੱਥ ਉਚਾ ਚੁੱਕਿਆ ਅਤੇ (Publius Decius) ਪਲਬੀਅਸ ਡਿਸੀਅਸ ਬਪਤਿਸਮਾ ਦੇਣ ਵਾਲਾ ਦਰਵਾਜੇ ਰਾਹੀਂ ਅੰਦਰ ਗਿਆ, ਮਰਕੁਸੋ ਵਾਸਕਾ ਲਕੜਹਾਰਾ ਲੱਕ ਤਕ ਪਾਣੀ ਦੇ ਤਲਾਬ ਅੰਦਰ ਖਲੋਤਾ ਸੀ। ਜਦੋਂ ਪਬਲੀਅਸ ਤਲਾਬ ਵਿੱਚ ਉਤਰਿਆ ਤਾਂ ਉਹ ਮੁਸਕਰਾ ਰਿਹਾ ਸੀ " ਕਰੈਡਿਸ" ? ਉਸ ਪੁੱਛਿਆ ' ਕਰੈਡੋ" ਪਬਲੀਅਸ ਨੇ ਉਤਰ ਦਿੱਤਾ "ਮੈਂ ਨਿਹਚਾ ਕਰਦਾ

ਹਾਂ ਕਿ ਮੇਰੀ ਮੁਕਤੀ ਯਿਸੂ ਜੋ ਮਸੀਹ ਹੈ ਤੋਂ ਹੈ, ਜਿਹਨੂੰ ਪੈਂਤੁਸ ਪਿਲਾਤੁਸ ਦੇ ਰਾਹੀਂ ਸਲੀਬ ਦਿੱਤਾ ਗਿਆ। ਉਹਦੇ ਨਾਲ ਮੈਂ ਮਰ ਗਿਆ ਤਾਂ ਜੋ ਉਸ ਨਾਲ ਸਦੀਪਕ ਜੀਵਨ ਪਾਵਾਂ। ਫਿਰ ਉਸਨੇ ਮਜਬੂਤ ਬਾਹਾਂ ਵਿੱਚ ਪਕੜੇ ਹੋਏ ਆਪ ਨੂੰ ਪਿੱਛੇ ਤਲਾਬ ਵਿੱਚ ਝੁਕਾਂਦਿਆ ਹੋਇਆ ਮਹਿਸੂਸ ਕੀਤਾ। ਅਤੇ ਮਰਕੁਸ ਨੇ ਆਪਣੇ ਕੰਨਾਂ ਵਿੱਚ ਇਹ ਅਵਾਜ ਸੁਣੀ, " ਮੈਂ ਤੈਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੰਦਾ ਹਾਂ – ਤਾਂ ਠੰਡੇ ਪਾਣੀ ਨੇ ਉਸ ਨੂੰ ਢੱਕ ਲਿਆ।" ਠੀਕ ਉਸ ਸਮੇਂ ਤਕ ਜਦੋਂ ਇਹ ਸਚਾਈ ਗੁਆਚੀ ਸੀ (ਅਤੇ ਇਸ ਆਖਰੀ ਯੁੱਗ ਤੱਕ ਵਾਪਸ ਨਾ ਆਈ – ਇਹ ਨੀਸੀਆ ਤੋਂ ਲੈ ਕੇ ਇਸ ਸਦੀ ਦੇ ਮੋੜ ਤਕ ਹੈ।) ਤਦ ਤਕ ਉਹਨਾਂ ਪ੍ਰਭੂ ਯਿਸੂ ਮਸੀਹ ਦੇ ਨਾਂ ਵਿੱਚ ਬਪਤਿਸਮਾ ਦਿੱਤਾ। ਪਰ ਇਹ ਸਚਾਈ ਫੇਰ ਵਾਪਸ ਆ ਗਈ ਹੈ, ਜਦ ਪਵਿੱਤ੍ਰ ਆਤਮਾ ਪਰਕਾਸ਼ ਦੇਣਾ ਚਾਹੁੰਦਾ ਹੈ ਤਾਂ ਸ਼ੈਤਾਨ ਇਸ ਨੂੰ ਦਬਾ ਕੇ ਨਹੀ ਰੱਖ ਸਕਦਾ।

ਹਾਂ ਜੀ ਜੇਕਰ ਤਿੰਨ ਪਰਮੇਸ਼ੁਰ ਹੁੰਦੇ ਤਾਂ, ਤੁਸੀ ਨਿਸੰਗ ਪਿਤਾ, ਪੁੱਤਰ, ਅਤੇ ਪਵਿੱਤ੍ਰ ਆਤਮਾ (ਦੇ ਖਿਤਾਬਾਂ) ਵਿੱਚ ਬਪਤਿਸਮਾ ਦੇ ਸਕਦੇ ਸੀ। ਪਰ ਜੋ ਪਰਕਾਸ਼ ਯੂਹੰਨਾਂ ਨੂੰ ਮਿਲਿਆ ਉਹ ਇਹ ਹੈ ਕਿ ਸਿਰਫ ਇੱਕ ਪਰਮੇਸ਼ੁਰ ਹੈ ਅਤੇ ਉਸ ਦਾ ਨਾਂ ਪ੍ਰਭੂ ਯਿਸੂ ਮਸੀਹ ਹੈ, ਅਤੇ ਤੁਸੀਂ ਇੱਕਲੇ ਅਤੇ ਇੱਕੋ ਹੀ ਪਰਮੇਸ਼ੁਰ ਦੇ ਲਈ ਬਪਤਿਸਮਾ ਦਿਉ। ਇਹੋ ਹੀ ਕਾਰਨ ਹੈ ਕਿ ਪਤਰਸ ਨੇ ਪੈਂਤੇਕੁਸਤ ਦੇ ਦਿਨ ਇਸ ਤਰਾਂ ਬਪਤਿਸਮਾ ਦਿੱਤਾ। ਉਸ ਨੂੰ ਉਸ ਪਰਕਾਸ਼ ਲਈ ਰਹਿਣਾ ਪਿਆ ਜੋ ਸੀ ਕਿ " ਉਪਰੰਤ ਇਸਰਾਏਲ ਦਾ ਘਰਾਣਾ ਪੱਕ ਜਾਣੇ ਭਈ ਇਸੇ ਯਿਸੂ ਨੂੰ ਜਿਹਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਉਸ ਨੂੰ ਪ੍ਰਭੂ ਭੀ ਅਤੇ ਮਸੀਹ ਭੀ ਕੀਤਾ। ਇਹ ਹੈ ਉਹ, " ਪ੍ਰਭੂ ਯਿਸੂ ਮਸੀਹ।"

ਜੇ ਯਿਸੂ ਦੋਵੇਂ ਹੀ ਭਾਵ ਪ੍ਰਭੂ ਅਤੇ ਮਸੀਹ ਵੀ ਹੈ, ਤਦ ਉਹ (ਯਿਸੂ) ਹੈ, ਤੇ ਕੁਝ ਹੋਰ ਨਹੀ ਹੋ ਸਕਦਾ ਪਰ ਇੱਕ ਹੀ ਵਿਅਕਤੀ ਦੇ ਅੰਦਰ ਪਿਤਾ, ਪੁੱਤਰ ਅਤੇ ਪਵਿੱਤ੍ਰ ਆਤਮਾ ਸਰੀਰ ਧਾਰਣ ਉੱਤੇ ਪ੍ਰਗਟ ਹੋਏ ਹਨ। ਇਹ ਨਹੀਂ ਕਿ ਪਰਮੇਸ਼ੁਰ ਤਿੰਨ ਵਿਅਕਤੀਆਂ ਵਿੱਚ ਹੈ, ਮੁਬਾਰਕ ਤਸਲੀਸ, ਪਰ ਇੱਕ ਪਰਮੇਸ਼ੁਰ (One God) ਦੇ ਤਿੰਨ ਵੱਡੇ ਖਿਤਾਬ ਤਿੰਨ ਦਫਤਰਾਂ ਦੇ ਅੰਦਰ ਉਹ ਖਿਤਾਬ ਪ੍ਰਗਟ ਹੁੰਦੇ ਹਨ। ਇਹਨੂੰ ਇੱਕ ਵਾਰ ਫੇਰ ਸੁਣੋ। ਏਹੋ ਹੀ ਯਿਸੂ " ਪ੍ਰਭੂ ਅਤੇ ਮਸੀਹੀ ਦੋਨੋਂ ਹੀ ਹੈ।" ਪ੍ਰਭੂ (ਪਿਤਾ) ਅਤੇ ਮਸੀਹ (ਪਵਿੱਤ੍ਰ ਆਤਮਾ) ਯਿਸੂ ਹਨ, ਉਹ (ਯਿਸੂ) ਪ੍ਰਭੂ ਅਤੇ ਮਸੀਹ ਦੋਨੋਂ ਆਪ ਹੀ ਹੈ।

ਜੇਕਰ ਇਹ ਗੱਲ ਸਾਨੂੰ ਪਰਮੇਸ਼ੁਰਤਾਈ ਦੇ ਬਾਰੇ ਸੱਚਾ ਪਰਕਾਸ਼ ਨਹੀ ਵਿਖਾਉਂਦੀ ਹੈ, ਤਾਂ ਕੋਈ ਗੱਲ ਨਹੀ ਵਿਖਾ ਸਕੇਗੀ; ਪ੍ਰਭੂ ਕੋਈ ਹੋਰ ਦੂਜਾ ਨਹੀ ਹੈ, ਮਸੀਹ ਕੋਈ ਹੋਰ ਜਣਾ ਨਹੀ ਹੈ। ਏਹੋ ਹੀ ਯਿਸੂ ਪ੍ਰਭੂ ਯਿਸੂ ਮਸੀਹ ਹੈ – ਇੱਕ ਪਰਮੇਸ਼ੁਰ (One God).

ਇੱਕ ਦਿਨ ਫਿਲਪੁਸ ਨੇ ਯਿਸੂ ਨੇ ਆਖਿਆ, " ਪ੍ਰਭੂ ਜੀ ਸਾਨੂੰ ਪਿਤਾ ਦੇ ਦਰਸ਼ਨ ਕਰਾ ਤਾਂ ਸਾਨੂੰ ਤ੍ਰਿਪਤ ਆਊ।." ਯਿਸੂ ਨੇ ਉਸ ਨੂੰ ਕਿਹਾ, " ਮੈਂ ਐਨੇ ਸਮੇਂ ਤੋਂ ਤੁਹਾਡੇ ਨਾਲ ਹਾਂ ਤੂੰ ਮੈਨੂੰ ਜਾਣਦਾ ? ਜਿਸ ਮੈਨੂੰ ਵੇਖਿਆ ਉਸ ਪਿਤਾ ਨੂੰ ਵੇਖਿਆ ਹੈ, ਤੂੰ ਕਿਕੁਰ ਕਹਿੰਦਾ ਹੈ ਕਿ ਸਾਨੂੰ ਪਿਤਾ ਦੇ ਦਰਸ਼ਣ ਕਰਾਂ ? ਮੈਂ ਅਤੇ ਮੇਰਾ ਪਿਤਾ ਇੱਕ ਹਾਂ।" ਮੈਂ ਇਹਦਾ ਇੱਕਾ ਵਾਰੀ ਹਵਾਲਾ ਦਿੱਤਾ ਅਤੇ ਇੱਕ ਔਰਤ ਨੇ ਮੈਨੂੰ ਆਖਿਆ "ਇੱਕ ਮਿੰਟ ਸ਼੍ਰੀਮਾਨ ਬਰਾਨਹਮ ਜੀ, ਤੁਸੀ ਅਤੇ ਤੁਹਾਡੀ ਪਤਨੀ ਇੱਕ ਹੋ।" ਮੈਂ ਕਿਹਾ " ਇਸ ਤਰਾਂ ਦੀ ਏਕਤਾ ਨਹੀ।"

ਉਹਨੇ ਕਿਹਾ : ਮੈਂ ਖਿਮਾ ਮੰਗਦੀ ਹਾਂ ?"
ਸੋ ਮੈਂ ਉਸਨੂੰ ਕਿਹਾ, " ਕੀ ਤੂੰ ਮੈਨੂੰ ਵੇਖਦੀ ਹੈ ?" ਉਹਨੇ ਕਿਹਾ, " ਹਾਂ ਜੀ."
ਮੈਂ ਕਿਹਾ, " ਕੀ ਤੂੰ ਮੇਰੀ ਪਤਨੀ ਨੂੰ ਵੇਖਦੀ ਹੈ ?"
ਉਹਨੇ ਕਿਹਾ, " ਨਹੀਂ "

ਮੈਂ ਕਿਹਾ, " ਤਦ ਉਹ ਏਕਤਾ ਤਾਂ ਵਖਰੀ ਕਿਸਮ ਦੀ ਹੈ, ਕਿਉਂਕਿ ਉਹਨੇ ਕਿਹਾ, ਜਦ ਤੁਸੀਂ ਮੈਨੂੰ ਵੇਖਦੇ ਹੋ, ਤੁਸੀਂ ਪਿਤਾ ਨੂੰ ਵੇਖਦੇ ਹੋ."

ਨਬੀ ਨੇ ਇਹ ਆਖਿਆ ਹੈ ਕਿ ਸ਼ਾਮ ਦੇ ਸਮੇਂ ਉਜਿਆਲਾ ਹੋਵੇਗਾ। ਭਜਨ ਵਿੱਚ ਇਹ ਲਿਖਿਆ ਹੋਇਆ ਹੈ:
ਸ਼ਾਮ ਦੇ ਵੇਲੇ ਚਾਨਣਾ ਹੋਵੇਗਾ,
ਮਹਿਮਾਂ ਦਾ ਰਾਹ ਤੁਹਾਨੂੰ ਜ਼ਰੂਰ ਮਿਲੇਗਾ, ਪਾਣੀ ਦੇ ਰਾਹ ਵਿੱਚ, ਏਹੋ ਹੀ ਅੱਜ ਦੀ ਰੌਸ਼ਨੀ ਹੈ, ਯਿਸੂ ਦੇ ਬਹੁਮੁੱਲੇ ਨਾਮ ਵਿੱਚ ਦਫਨ ਹੋਏ ਹਾਂ। ਬੁੱਢਿਉ ਅਤੇ ਜਵਾਨੋ ਆਪਣੇ ਸਾਰੇ ਪਾਪਾਂ ਤੋਂ ਤੋਬਾ ਕਰੋ ਪਵਿੱਤ੍ਰ ਆਤਮਾ ਜ਼ਰੂਰ ਹੀ ਤੁਹਾਡੇ ਅੰਦਰ ਪ੍ਰਵੇਸ਼ ਕਰੇਗੇ। ਸ਼ਾਮ ਦਾ ਉਜਿਆਲਾ ਆ ਗਿਆ ਹੈ,
ਇਹ ਸੱਚ ਹੈ ਕਿ ਪਰਮੇਸ਼ੁਰ ਤੇ ਮਸੀਹ ਇੱਕ ਹਨ।

ਬਹੁਤ ਹੀ ਜਿਆਦਾ ਸਮਾਂ ਨਹੀਂ ਹੋਇਆ ਕਿ ਮੈ ਇੱਕ ਯਹੂਦੀ ਰੱਬੀ ਦੇ ਨਾਲ ਵਾਰਤਾਲਾਪ ਕਰ ਰਿਹਾ ਸਾਂ, ਉਹਨੇ ਮੈਨੂੰ ਕਿਹਾ, " ਤੁਸੀਂ ਗੈਰ ਕੌਮੀ ਲੋਕ ਪਰਮੇਸ਼ੁਰ ਦੇ ਤਿੰਨ ਟੁਕੜੇ ਕਰਕੇ ਤੇ ਇੱਕ ਯਹੂਦੀ ਨੂੰ ਨਹੀਂ ਦੇ ਸਕਦੇ । ਇਸ ਬਾਰੇ ਚੰਗੀ ਤਰਾਂ ਜਾਣਦੇ ਹਾਂ।"

ਮੈਂ ਉਹਨੂੰ ਕਿਹਾ ਇਹ ਬਿਲਕੁਲ ਠੀਕ ਹੈ ਰੱਬੀ ਅਸੀਂ ਪਰਮੇਸ਼ੁਰ ਦੇ ਤਿੰਨ ਟੁਕੜੇ ਨਹੀਂ ਕਰਦੇ। ਕੀ ਤੂੰ ਨਬੀਆਂ ਵਿੱਚ ਵਿਸ਼ਵਾਸ਼ ਕਰਦਾ ਹੈ, ਕੀ ਨਹੀਂ ਕਰਦਾ ?
ਉਹਨੇ ਕਿਹਾ, "ਯਕੀਨਨ ਮੈਂ ਯਕੀਨ ਕਰਦਾ ਹਾਂ।"
"ਕੀ ਤੂੰ ਯਸਾਯਾਹ ੯:੬ ਵਿੱਚ ਨਿਹਚਾ ਕਰਦਾ ਹੈ ?"
"ਹਾਂ ਜੀ "
"ਨਬੀ ਕਿਹਦੇ ਬਾਰੇ ਵਿੱਚ ਬੋਲ ਰਿਹਾ ਹੈ?"
"ਮਸੀਹ ਦੇ ਬਾਰੇ ਵਿੱਚ "
ਮੈਂ ਕਿਹਾ, " ਮਸੀਹ ਦਾ ਪਰਮੇਸ਼ੁਰ ਨਾਲ ਕੀ ਰਿਸ਼ਤਾ ਹੋਵੇਗਾ ?"
ਉਹਨੇ ਕਿਹਾ ਉਹ ਪਰਮੇਸ਼ੁਰ ਹੀ ਹੋਵੇਗਾ।"
ਮੈਂ ਕਿਹਾ, " ਇਹ ਠੀਕ ਹੈ " ਆਮੀਨ।

ਤੁਸੀ ਪਰਮੇਸ਼ੁਰ ਦੇ ਤਿੰਨ ਵਿਅਕਤੀ ਜਾਂ ਟੁਕੜੇ ਕਰ ਕੇ ਨਹੀ ਵਿਖਾ ਸਕਦੇ। ਤੁਸੀਂ ਇੱਕ ਯਹੂਦੀ ਨੂੰ ਇਹ ਨਹੀਂ ਦੱਸ ਸਕਦੇ ਕਿ ਇੱਕ ਪਿਤਾ, ਇੱਕ ਪੁੱਤਰ ਅਤੇ ਇੱਕ ਪਵਿੱਤ੍ਰ ਆਤਮਾ ਹੈ। ਉਹ ਤੁਹਾਨੂੰ ਠੀਕ ਉਸੇ ਵੇਲੇ

ਦੱਸੇਗਾ। ਕਿ ਇਹ ਵਿਚਾਰ ਕਿਥੋਂ ਆਇਆ ਹੈ।

ਯਹੂਦੀ ਜਾਣਦੇ ਹਨ ਕਿ ਇਹ ਅਕੀਦਾ ਨੀਸੀਆਂ ਸਭਾ ਵਿੱਚ ਪੜ੍ਹਿਆ ਗਿਆ ਸੀ। ਕੋਈ ਅਚੰਭਾ ਨਹੀਂ ਕਿ ਉਹ ਸਾਨੂੰ ਮੂਰਤੀ ਪੂਜਕ ਹੋਣ ਲਈ ਠੱਠਾ ਕਰਦੇ ਹਨ।

ਅਸੀਂ ਅਜਿਹੇ ਪਰਮੇਸ਼ੁਰ ਦੇ ਬਾਰੇ ਗੱਲਬਾਤ ਕਰਦੇ ਹਾਂ ਜੋ ਕਿ ਬਦਲਦਾ ਨਹੀਂ ਹੈ। ਯਹੂਦੀ ਵੀ ਏਹੋ ਹੀ ਮੰਨਦੇ ਹਨ। ਪਰ ਕਲੀਸੀਯਾ ਨੇ ਆਪਣੇ ਨਾ ਬਦਲਣ ਵਾਲੇ ਪਰਮੇਸ਼ੁਰ ਨੂੰ ਇੱਕ ਤੋਂ ਤਿੰਨ ਬਣਾ ਦਿੱਤਾ ਹੈ। ਪਰ ਰੌਸ਼ਨੀ ਸ਼ਾਮ ਦੇ ਵਲੇ ਵਾਪਸ ਆ ਰਹੀ ਹੈ ਇਹ ਕਿੰਨੀ ਹੈਰਾਨੀਜਨਕ ਗੱਲ ਹੈ ਕਿ ਇਹ ਸਚਾਈ ਉਸ ਸਮੇਂ ਆਈ ਹੈ ਜਦ ਕਿ ਯਹੂਦੀ ਲੋਕ ਫਲਿਸਤੀਨ ਦੇਸ਼ ਵੱਲ ਵਾਪਸ ਪਰਤ ਰਹੇ ਹਨ। ਪਰਮੇਸ਼ੁਰ ਅਤੇ ਮਸੀਹ ਇੱਕ ਹੈ। ਇਹ ਯਿਸੂ ਪ੍ਰਭੂ ਅਤੇ ਮਸੀਹ ਦੋਵੇਂ ਹੀ ਹੈ। ਯੂਹੰਨਾਂ ਨੂੰ ਪਰਕਾਸ਼ ਮਿਲਿਆ ਤੇ ਯਿਸੂ ਉਹ ਪਰਕਾਸ਼ ਸੀ ਅਤੇ ਉਹਨੇ ਪਵਿੱਤਰ ਲਿਖਤਾਂ ਵਿੱਚ ਆਪਣੇ ਨੂੰ, ਮੈਂ ਜੋ ਹਾਂ, ਜੋ ਸੀ, ਜੋ ਆਉਣ ਵਾਲਾ, ਸਰਬਸ਼ਕਤੀਮਾਨ ਕਰਕੇ ਪ੍ਰਗਟ ਕੀਤਾ ਹੈ। "ਆਮੀਨ"

ਜੇਕਰ ਪਰਕਾਸ਼ ਤੁਹਾਡੀ ਸਮਝ ਤੋਂ ਬਾਹਰ ਹੈ, ਤਾਂ ਆਸਮਾਨ ਵੱਲ ਤੱਕੋ ਤੇ ਇਹਦੇ ਲਈ ਪਰਮੇਸ਼ੁਰ ਨੂੰ ਭਾਲੋ। ਇਹੋ ਹੀ ਤਰੀਕਾ ਹੈ, ਜਿਸ ਰਾਹੀਂ ਤੁਸੀਂ ਇਹਨੂੰ ਪਾ ਸਕਦੇ ਹੋ। ਪਰਕਾਸ਼ ਨੇ ਤਾਂ ਪਰਮੇਸ਼ੁਰ ਦੀ ਵਲੋਂ ਹੀ ਆਉਣਾ ਹੈ। ਪਰਕਾਸ਼ ਕਦੇ ਵੀ ਮਨੁੱਖੀ ਜਾਂ ਕੁਦਰਤੀ ਗੁਣਾਂ ਨਾਲ ਨਹੀਂ ਆਉਂਦਾ, ਪਰ ਇਹ ਤਾਂ ਆਤਮਾ ਦੇ ਨਾਲ ਪਾਇਆ ਜਾਂਦਾ ਹੈ। ਤੁਸੀਂ ਤਾਂ ਲਿਖਤਾਂ ਨੂੰ ਜਬਾਨੀ ਯਾਦ ਕਰ ਸਕਦੇ ਹੋ, ਅਤੇ ਭਾਵੇਂ ਇਹ ਸ਼ਾਨਦਾਰ ਗੱਲ ਹੈ, ਪਰ ਇਸ ਨਾਲ ਕੰਮ ਨਹੀਂ ਚੱਲੇਗਾ। ਇਸ ਨੇ ਤਾਂ ਪਰਮੇਸ਼ੁਰ ਦੀ ਵਲੋਂ ਆਇਆ ਹੋਇਆ ਪਰਕਾਸ਼ ਹੋਣਾ ਹੈ। ਬਚਨ ਵਿੱਚ ਇੰਜ ਆਖਿਆ ਗਿਆ ਹੈ ਕਿ ਕੋਈ ਮਨੁੱਖ ਪਵਿੱਤ੍ਰ ਆਤਮਾ ਤੋਂ ਬਿਨਾਂ ਨਹੀਂ ਕਹਿ ਸਕਦਾ ਕਿ ਯਿਸੂ " ਮਸੀਹ" ਹੈ। ਤੁਹਾਨੂੰ ਪਵਿੱਤ੍ਰ ਆਤਮਾ ਪਾਉਣਾ ਚਾਹੀਦਾ ਹੈ, ਤਦ ਅਤੇ ਫੇਰ ਤਦ ਹੀ ਆਤਮਾ ਤੁਹਾਨੂੰ ਪਰਕਾਸ਼ ਦੇ ਸਕਦਾ ਹੈ ਕਿ ਯਿਸੂ ਹੀ ਮਸੀਹ ਹੈ: ਪਰਮੇਸ਼ੁਰ, ਮਸਹ ਕੀਤਾ ਹੋਇਆ।

ਪਰਮੇਸ਼ੁਰ ਦੇ ਆਤਮਾ ਤੋਂ ਬਿਨਾਂ ਕੋਈ ਵੀ ਮਨੁੱਖ ਪਰਮੇਸ਼ੁਰ ਦੀਆਂ ਗੱਲਾਂ ਨਹੀਂ ਜਾਣਦਾ ਅਤੇ ਉਹ ਹੋਵੇਗਾ ਜਿਹਦੇ ਉੱਤੇ ਪਰਮੇਸ਼ੁਰ ਦਾ ਆਤਮਾ ਪਰਗਟ ਕਰੇ। ਸੰਸਾਰ ਦੀ ਕਿਸੇ ਵੀ ਚੀਜ ਨਾਲੋਂ ਵਧੇਰੇ ਸਾਨੂੰ ਪਰਮੇਸ਼ੁਰ ਕੋਲੋਂ ਪਰਕਾਸ਼ ਦੇ ਲਈ ਪ੍ਰਾਥਨਾ ਕਰਨੀ ਚਾਹੀਦੀ ਹੈ। ਅਸਾਂ ਬਾਈਬਲ ਨੂੰ ਸਵੀਕਾਰ ਕੀਤਾ ਹੈ, ਅਸਾਂ ਇਹਦੀਆਂ ਮਹਾਨ ਸਚਾਈਆਂ ਨੂੰ ਕਬੂਲ ਕੀਤਾ ਹੈ, ਪਰ ਬਹੁਤ ਸਾਰੇ ਲੋਕਾਂ ਦੇ ਲਈ ਇਹ ਅਜੇ ਵੀ ਹਕੀਕਤ ਨਹੀ ਹਨ ਕਿਉਂਕਿ ਉਹਨਾਂ ਨੂੰ ਆਤਮਾ ਦੇ ਦੁਆਰਾ ਪਰਕਾਸ਼ ਨਹੀਂ ਮਿਲਿਆ ਹੈ। ਬਚਨ ਨੂੰ ਜੀਉਂਦਾ ਨਹੀ ਕੀਤਾ ਗਿਆ। ਬਾਈਬਲ ਦੂਜਾ ਕੁਰੰਥਿਆ ੫:੨੧ ਵਿੱਚ ਆਖਦੀ ਹੈ ਕਿ ਅਸੀਂ ਯਿਸੂ ਮਸੀਹ ਦੇ ਮੇਲ ਦੇ ਦੁਆਰਾ ਪਰਮੇਸ਼ੁਰ ਦੀ ਧਾਰਮਿਕਤਾ ਬਣ ਗਏ ਹਾਂ ਕੀ ਤੁਹਾਨੂੰ ਇਹਦੀ ਸਮਝ ਲੱਗੀ ? ਏਥੇ ਇਹ ਆਖਿਆ ਗਿਆ ਹੈ ਅਸੀਂ ਮਸੀਹ ਦੇ ਵਿੱਚ ਹੋਣ ਦੇ ਕਾਰਣ ਪਰਮੇਸ਼ੁਰ ਦਾ ਧਰਮ ਹਾਂ। ਏਥੇ ਆਖਿਆ ਗਿਆ ਹੈ ਕਿ ਉਹ (ਯਿਸੂ ਸਾਡੇ ਲਈ ਪਾਪ ਬਣਿਆ। ਇੰਜ ਨਹੀਂ ਆਖਿਆ ਗਿਆ ਕਿ ਉਹ ਪਾਪੀ ਬਣ, ਪਰ ਸਾਡੇ ਲਈ ਪਾਪ ਬਣ ਗਿਆ ਤਾਂ ਕਿ ਸਾਡੀ ਉਹਦੇ ਨਾਲ ਸੰਗਤ ਜਾਂ ਸਾਡੇ ਮੇਲ ਮਿਲਾਪ ਦੇ ਦੁਆਰਾ ਅਸੀਂ ਪਰਮੇਸ਼ੁਰ ਦਾ ਧਰਮ ਬਣ ਸਕੀਏ ਜੇ ਅਸੀਂ ਇਸ ਸਚਾਈ ਨੂੰ ਮੰਨ ਲਈਏ ( ਅਤੇ ਸਾਨੂੰ ਜਰੂਰ ਮੰਨਣਾ ਚਾਹੀਦਾ ਹੈ) ਕਿ ਉਹ ਲਿਖਤ ਅਨੁਸਾਰ ਸਾਡੇ ਬਦਲੇ ਸਾਡੇ ਲਈ ਪਾਪ ਠਹਿਰਾਇਆ

ਗਿਆ, ਤਾਂ ਫਿਰ ਸਾਨੂੰ ਸਚਾਈ ਨੂੰ ਮੰਨਣ ਦੀ ਜਰੂਰਤ ਹੈ ਅਤੇ ਸਾਨੂੰ ਇਹ ਵੀ ਫੇਰ ਮੰਨਣ ਦੀ ਜਰੂਰਤ ਹੈ ਕਿ ਉਸ ਦੇ ਮੇਲ ਦੇ ਕਾਰਨ ਅਸੀ ਪਰਮੇਸ਼ੁਰ ਦਾ ਧਰਮ ਬਣ ਗਏ ਹਾਂ। ਜੇ ਅਸੀ ਇੱਕ ਨੂੰ ਰੱਦਦੇ ਹਾਂ ਤਾਂ ਦੂਸਰੇ ਨੂੰ ਵੀ ਰੱਦਣਾ ਪਵੇਗਾ ਤੇ ਜੇ ਇੱਕ ਨੂੰ ਕਬੂਲ ਕਰੀਏ ਤਾਂ ਦੂਜੇ ਨੂੰ ਵੀ ਕਰਨਾ ਪਵੇਗਾ। ਹੁਣ ਅਸੀਂ ਜਾਣਦੇ ਹਾਂ ਕਿ ਬਾਈਬਲ ਨੇ ਇਹ ਆਖਿਆ ਹੈ। ਇਹਦਾ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਏਹਦਾ ਪਰਕਾਸ਼ ਤਾਂ ਗਵਾਚ ਰਿਹਾ ਹੈ। ਪਰ ਪਰਮੇਸ਼ੁਰ ਦੇ ਬਹੁਤ ਸਾਰੇ ਬੱਚਿਆਂ ਦੇ ਲਈ ਇਹ ਹਕੀਕਤ ਨਹੀ ਬਣਿਆ ਹੈ। ਇਹ ਸਿਰਫ ਬਾਈਬਲ ਦੀ ਸੋਹਣੀ ਆਇਤ ਹੈ। ਪਰ ਜਰੂਰਤ ਇਸ ਗੱਲ ਦੀ ਹੈ ਕਿ ਅਸੀ ਇਸ ਨੂੰ ਆਪਣੇ ਵਾਸਤੇ ਜਿੰਦਾ ਸਚਾਈ ਬਣਾਈਏ। ਅਤੇ ਉਸ ਦੇ ਲਈ ਪਰਕਾਸ਼ ਦੀ ਲੋੜ ਹੈ।

ਹੁਣ ਮੈਨੂੰ ਏਥੇ ਕੁਝ ਦੱਸਣ ਦਿਉ ਅਤੇ ਇਹ ਤੁਹਾਡੇ ਲਈ ਹੈਰਾਨੀ ਅਤੇ ਮਦਦ ਦੀ ਗੱਲ ਹੋਵੇਗੀ। ਮੁਸ਼ਕਲ ਨਾਲ ਹੀ ਕੋਈ ਬਾਈਬਲ ਦਾ ਪਾਠਕ ਹੋਵੇਗਾ ਜਿਹੜਾ ਇਹ ਨਾ ਮੰਨਦਾ ਹੋਵੇ ਕਿ ਨਵਾਂ ਨੇਮ ਅਸਲ ਵਿੱਚ ਯੂਨਾਨੀ ਭਾਸ਼ਾ ਵਿੱਚ ਸੀ। ਸਾਡੇ ਸਭ ਮਹਾਨ ਬਾਈਬਲ ਦੇ ਪਾਠਕਾਂ ਨੇ ਇਹ ਆਖਿਆ ਹੈ ਕਿ ਪਰਮੇਸ਼ੁਰ ਨੇ ਸੰਸਾਰ ਨੂੰ ਇੰਜੀਲ ਦੀ ਖਾਤਰ ਤਿੰਨ ਵੱਡੀਆਂ ਕੌਮਾਂ ਵੱਡੇ ਯੋਗਦਾਨਾਂ ਦੇ ਨਾਲ ਦਿੱਤੀਆਂ ਹਨ। ਉਹਨੇ ਯੂਨਾਨੀ ਕੌਮ ਬਖਸ਼ੀ। ਜਿਹਨਾਂ ਨੇ ਵਿਸ਼ਵਵਿਆਪੀ ਭਾਸ਼ਾ ਦਿੱਤੀ ਹੈ । ਉਸਨੇ ਸਾਨੂੰ ਯਹੂਦੀ ਕੌਮ ਦਿੱਤੀ ਜਿਸ ਨੇ ਸਾਨੂੰ ਸੱਚੇ ਧਰਮ ਅਤੇ ਮੁਕਤੀਦਾਤੇ ਦੇ ਰਾਹੀਂ ਪਰਮੇਸ਼ੁਰ ਦੀ ਸੱਚੀ ਪਛਾਣ ਬਖਸ਼ੀ। ਉਸ ਨੇ ਰੋਮੀ ਕੌਮ ਬਖਸ਼ੀ ਜਿਸ ਨੇ ਸਾਨੂੰ ਕਾਨੂੰਨ ਅਤੇ ਮੁੱਖ ਬਿੰਧੀਆਂ ਦੇ ਪ੍ਰਬੰਧ ਰਾਹੀਂ ਏਕਤਾ ਵਿੱਚ ਚੱਲਣ ਵਾਲੀ ਹਕੂਮਤ ਦਿੱਤੀ। ਇਸ ਤਰਾਂ ਸਾਡੇ ਕੋਲ ਸੱਚਾ ਧਰਮ ਹੈ ਅਤੇ ਬਹੁਤ ਸਾਰੇ ਲੋਕਾਂ ਸਾਹਮਣੇ ਬਿਆਨ ਕਰਨ ਲਈ ਇੱਕ ਭਾਸ਼ਾ ਅਤੇ ਦੁਨੀਆਵੀ ਤੌਰ ਤੇ ਫੈਲਾਉਣ ਲਈ ਇੱਕ ਹਕੂਮਤ ਅਤੇ ਮੁੱਖ ਰਸਤੇ ਹਨ। ਅਤੇ ਇਤਿਹਾਸਕ ਤੌਰ ਉੱਤੇ ਬੋਲਦੇ ਹੋਏ ਇਹ ਬਿਲਕੁਲ ਠੀਕ ਹੈ। ਅਤੇ ਅੱਜ ਸਾਡੇ ਯੂਨਾਨੀ ਵਿਦਵਾਨ ਆਖਦੇ ਹਨ ਕਿ ਬਾਈਬਲ ਦੇ ਸਮੇਂ ਦੀ ਯੂਨਾਨੀ ਭਾਸ਼ਾ ਏਨੀ ਸੰਪੂਰਨ ਤੇ ਠੀਕ ਹੈ ਕਿ ਜੇ ਯੂਨਾਨੀ ਭਾਸ਼ਾ ਦਾ ਪਾਠਕ ਏਨਾ ਸੁਲਝਿਆ ਹੋਇਆ ਤੇ ਵਿਆਕਰਣ ਦੀ ਵਰਤੋਂ ਵਿੱਚ ਸਿੱਧ ਹੋਵੇ ਤਾਂ ਉਹ ਅਸਲ ਤੌਰ ਤੇ ਜਾਣ ਸਕਦਾ ਹੈ ਕਿ ਨਵੇਂ ਨੇਮ ਦਾ ਕਲਾਮ ਕੀ ਸਿਖਾਉਂਦਾ ਹੈ। ਪਰ ਕੀ ਇਹ ਕੇਵਲ ਸਿਧਾਂਤ ਹੀ ਨਹੀਂ ? ਕੀ ਇਹ ਸੱਚ ਹੈ ? ਕੀ ਏਦਾਂ ਨਹੀ ਹੈ ਕਿ ਇੱਕ ਮਿਸ਼ਨ ਦਾ ਮੰਨਿਆ ਪਰ ਮੰਨਿਆ ਯੂਨਾਨੀ ਵਿਦਵਾਨ ਦੂਜੀ ਮਿਸ਼ਨ ਦੇ ਯੂਨਾਨੀ ਭਾਸ਼ਾ ਦੇ ਪਾਠਕ ਨਾਲ ਬਹਿਸ ਕਰਦਾ ਹੈ, ਅਤੇ ਕੀ ਉਹਨਾਂ ਦੀ ਬਹਿਸ ਅਤੇ ਵਾਦ ਵਿਵਾਦ ਯੂਨਾਨੀ ਭਾਸ਼ਾ ਦੇ ਮੁੱਢਲੇ ਅਤੇ ਮੂਲ ਸ਼ਬਦਾਂ ਅਤੇ ਵਿਆਕਰਣ ਦੇ ਮੂਲ ਅਸੂਲਾਂ ਦੇ ਉੱਤੇ ਹੀ ਆਧਾਰਿਤ ਨਹੀ ਹਨ ? ਅਤੇ ਪੱਕੇ ਤੌਰ ਤੇ ਇਹ ਇੰਝ ਹੀ ਹੈ। ਏਥੋਂ ਤਕ ਕਿ ਪਰਗਮੁਮ ਦੇ ਯੁੱਗ ਵਿੱਚ ੩੨੫ ਈਸਵੀ ਦੀ ਨੀਸੀਆ ਸਭਾ ਤੋਂ ਜਰਾ ਕੁ ਪਹਿਲਾਂ ਏਰੀਅਸ (Arius) ਅਤੇ ਅਥਾਨੇਸੀਅਸ (Athanasius) ਦੋ ਮਹਾਨ ਪਾਠਕ ਸਨ ਜੋ ਕਿ ਸਿਖਿਆ ਦੇ ਯੁੱਧ ਵਿੱਚ ਇਕ ਯੂਨਾਨੀ ਸ਼ਬਦ ਉੱਤੇ ਅੜ ਗਏ ਤੇ ਇੱਕ ਹੱਦ ਠਹਰਾ ਦਿੱਤੀ। ਅਤੇ ਉਹਨਾਂ ਦੀ ਬਹਿਸ ਏਨੀ ਜਿਆਦਾ ਤੇ ਵਿਸ਼ਵਵਿਆਪੀ ਬਣ ਗਈ ਕਿ ਇਤਿਹਾਸਕਾਰ ਆਖਦੇ ਹਨ ਕਿ ਇਕ ਸ਼ਬਦ ਦਾ ਉਚਾਰਣ ਦੋ ਸੁਰਾਂ ਵਿੱਚ ਕਰਣ ਦੀ ਵਜਾ ਨਾਲ ਸਾਰੇ ਸੰਸਾਰ ਵਿੱਚ ਵੰਡ ਪੈ ਗਈ। ਜੇ ਹੁਣ ਯੂਨਾਨੀ ਏਨੀ ਸੰਪੂਰਨ ਹੈ ਤੇ ਪਰਮੇਸ਼ੁਰ ਦੀ ਵਲੋਂ ਥਾਪੀ ਹੋਈ ਹੈ ਤੇ ਫਿਰ ਏ ਦਾਂ ਦਾ ਝਗੜਾ ਕਿਉਂ ਸੀ ? ਯਕੀਨਨ ਪਰਮੇਸ਼ੁਰ ਨਹੀ ਚਾਹੁੰਦਾ ਹੈ ਕਿ ਅਸੀ ਸਭ ਯੂਨਾਨੀ ਭਾਸ਼ਾ ਜਾਣੀਏ ?

ਠੀਕ ਅੱਜ ਵੀ ਸੰਸਾਰ ਵਿੱਚ ਯੂਨਾਨੀ ਭਾਸ਼ਾ ਉੱਤੇ ਵਾਦ ਵਿਵਾਦ ਹੋ ਰਿਹਾ ਹੈ। ਉਦਾਹਰਣ ਦੇ ਲਈ "Christs Paralyzed Church X-Rayed" ਮਸੀਹ ਦੀ ਅਧਰੰਗੀ ਕਲੀਸੀਯਾ ਦੀ ਜਾਂਚ" ਵਿਦਵਾਨ

ਮੈਕਰਾਸਨ (Dr. Mecrossan) ਦੀ ਲਿਖੀ ਪੁਸਤਕ ਨੂੰ ਲਉ। ਇਹਦੇ ਵਿੱਚ ਉਹਨੇ ਅਣਗਿਣਤ ਹਵਾਲੇ ਕਈ ਪਰਸਿੱਧ ਯੂਨਾਨੀ ਵਿਆਰਕਰਣ ਦੇ ਮਾਹਿਰਾਂ ਦੇ ਲਿਖੇ ਹਨ, ਅਤੇ ਆਪਣੀ ਤਸੱਲੀ ਦੇ ਲਈ ਉਹ ਸਿੱਧ ਕਰਦਾ ਹੈ ਕਿ ਯੂਨਾਨੀ ਵਿਆਕਰਣ ਦੇ ਨਾ ਬਦਲਣ ਵਾਲੇ ਅਸੂਲ ਸਿੱਟੇ ਵਜੋਂ ਇਹ ਸਿੱਧ ਕਰਦੇ ਹਨ ਕਿ ਬਾਈਬਲ ਸਿਖਾਉਂਦੀ ਹੈ ਕਿ ਜਿਹਨੂੰ ਪਵਿੱਤ੍ਰ ਆਤਮਾ ਦਾ ਬਪਤਿਸਮਾ ਮਿਲਦਾ ਹੈ ਇਹੋ ਹੀ ਨਵੇਂ ਜਨਮ ਦਾ ਨਤੀਜਾ ਹੈ। ਉਹ ਸਾਫ ਤੌਰ ਤੇ ਕਹਿੰਦਾ ਹੈ ਕਿ ਔਰਤਾਂ ਵੀ ਪੁਲਪਟ ਸੰਭਾਲ ਸਕਦੀਆਂ ਹਨ ਭਾਵ ਪਰਚਾਰ ਕਰ ਸਕਦੀਆਂ ਹਨ ਕਿਉਂਕਿ ਸਬਦ ਭਵਿੱਖਬਾਣੀ ਦਾ ਅਰਥ ਹੈ ਪਰਚਾਰ ਕਰਨਾ। ਕੀ ਉਹਨੇ ਯੂਨਾਨੀ ਭਾਸ਼ਾ ਦੇ ਦੂਜੇ ਪਾਠਕਾਂ ਨੂੰ ਵੀ ਕਾਇਲ ਕੀਤਾ ਹੈ ਜਿਹੜੇ ਉਨ੍ਹੇ ਹੀ ਕਾਬਲ ਹਨ ਜਿੰਨਾਂ ਉਹ ਹੈ ? ਕਦੇ ਵੀ ਨਹੀਂ। ਜੋ ਤੁਸਾਂ ਕਰਨਾ ਹੈ ਉਹ ਇਹ ਹੈ ਕਿ ਉਹਨਾਂ ਪਾਠਕਾਂ ਦੇ ਵਿਚਾਰ ਵੀ ਪੜੋ ਜਿਹੜੇ ਦੂਜੇ ਬੰਨੇ ਦੀ ਵੱਲ ਹਨ ਅਤੇ ਉਹਨਾਂ ਦੇ ਵੀ ਵਿਦਵਾਨੀ ਹਵਾਲੇ ਅਤੇ ਵਿਚਾਰ ਸੁਣੋ।

ਹੁਣ ਸਿਰਫ ਉਹ ਹੀ ਨਹੀ ਜੋ ਮੈਂ ਹੁਣ ਆਖਿਆ ਹੈ। ਸੱਚ ਹੈ, ਪਰ ਆਉ ਇੱਕ ਕਦਮ ਹੋਰ ਵੀ ਅਗਾਂਹ ਵਧੀਏ । ਅੱਜ ਕੁਝ ਪਾਠਕ ਇਹ ਵੀ ਦਾਵਾ ਕਰਦੇ ਹਨ ਕਿ ਅਸਲੀ ਤੇ ਮੂਲ ਲਿਖਤਾਂ ਅਰਾਮੀ ਭਾਸ਼ਾ ਵਿੱਚ ਲਿਖੀਆਂ ਗਈਆਂ ਸਨ ਜੋ ਕਿ ਯਿਸੂ ਅਤੇ ਉਹਦੇ ਜਮਾਨੇ ਦੇ ਲੋਕਾਂ ਦੀ ਭਾਸ਼ਾ ਸੀ। ਅਤੇ ਉਹਨਾਂ ਦੇ ਦੁਆਰਾ ਇਹ ਵੀ ਦਾਵਾ ਕੀਤਾ ਜਾਂਦਾ ਹੈ ਕਿ ਲੋਕ ਨਾ ਤਾਂ ਬੋਲਦੇ ਤੇ ਨਾਂ ਹੀ ਯੂਨਾਨੀ ਭਾਸ਼ਾ ਵਿੱਚ ਲਿਖਦੇ ਸਨ ਜਿਦਾਂ ਕਿ ਆਮ ਤੌਰ ਤੇ ਮੰਨਿਆ ਜਾਂਦਾ ਹੈ। ਅਤੇ ਸਚਾਈ ਤਾਂ ਇਹ ਹੈ ਕਿ ਸਾਡੇ ਇਤਿਹਾਸਕਾਰ ਦੇ ਇਹਦੇ ਬਾਰੇ ਵਖਰੇ ਵਖਰੇ ਵਿਚਾਰ ਹਨ। ਉਦਾਹਰਣ ਦੇ ਤੌਰ ਤੇ, (Dr. Schonfield) ਵਿਦਵਾਨ ਸਕੋਂਫੀਲਡ ਸਭ ਤੋਂ ਵਧੇਰੇ ਬੁੱਧੀਮਾਨ ਵਿਦਵਾਨ ਹੈ ਖੋਜ ਪੜਤਾਲ ਦੇ ਬਾਦ ਆਪਣੀ ਤਸੱਲੀ ਦੇ ਲਈ ਉਹਨੇ ਸਿੱਧ ਕੀਤਾ ਹੈ ਕਿ ਨਵਾਂ ਨੇਮ ਉਸ ਜਮਾਨੇ ਦੇ ਯੂਨਾਨੀ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਲਿਪੀ ਜਾਂ ਵਰਣਮਾਲਾ ਵਿੱਚ ਲਿਖਿਆ ਗਿਆ। ਉਹਨਾਂ ਦਸਤਾਵੇਜਾਂ ਦੇ ਅਧਾਰ ਦੇ ਉੱਤੇ ਜੋ ਉਹਦੇ ਕਬਜੇ ਵਿੱਚ ਹਨ ਉਹ ਆਪਣੇ ਵਿਸ਼ਵਾਸ਼ ਦਾ ਇੱਕ ਚੰਗਾ ਕਿੱਸਾ ਬਣਾਉਂਦਾ ਹੈ। ਪਰ ਦੂਜੇ ਪਾਸੇ ਸਾਡੇ ਕੋਈ ਇੱਕ ਹੋਰ ਪਰਸਿੱਧ ਪਾਠਕ ਵਿਦਵਾਨ ਲਾਮਸਾ (Dr. Lamsa) ਵੀ ਹੈ, ਜੋ ਕਿ ਕਾਇਲ ਹੈ ਕਿ ਨਵਾਂ ਨੇਮ ਅਰਾਮੀ ਭਾਸ਼ਾ ਵਿੱਚ ਲਿਖਿਆ ਗਿਆ ਸੀ ਅਤੇ ਵਿਦਵਾਨ ਲਾਮਸਾ ਦੇ ਇਸ ਝਗੜੇ ਦੀ ਵਕਾਲਤ ਕਰਨ ਲਈ ਅਤੇ ਉਹਨਾਂ ਦੇ ਵਿਚਾਰਾਂ ਨੂੰ ਹੋਰ ਮਜਬੂਤ ਬਨਾਉਣ ਲਈ ਉਹਨਾਂ ਕੋਲ ਕੋਈ ਹੋਰ ਨਹੀਂ ਬਲਕਿ ਮਸ਼ਹੂਰ ਤੇ ਹੁਸ਼ਿਆਰ ਬੁੱਧੀਮਾਨ ਇਤਿਹਾਸਕਾਰ ਟੋਨੀਬੀ (Tonybee) ਹਨ ਜਿਹਨਾਂ ਦਾ ਕਹਿਣਾ ਹੈ ਕਿ ਕਿਉਂਕਿ ਲੋਕਾਂ ਦੀ ਭਾਸ਼ਾ ਅਰਾਮੀ ਸੀ ਤੇ ਯੂਨਾਨੀ ਨਹੀਂ ਏਦਾਂ ਇਹ ਸੰਭਵ ਜਾਪਦਾ ਹੈ ਕਿ ਨਵਾਂ ਨੇਮ ਪਹਿਲਾਂ ਅਰਾਮੀ ਭਾਸ਼ਾ ਵਿੱਚ ਲਿਖਿਆ ਗਿਆ।

ਫੇਰ ਇਸ ਤੋਂ ਪਹਿਲਾਂ ਕਿ ਅਸੀਂ ਇਸ ਦੇ ਬਾਰੇ ਵਿੱਚ ਬਹੁਤ ਜਿਆਦਾ ਹੀ ਧਿਆਨ ਦਈਏ, ਤਾਂ ਆਉ (King James Version) ਕਿੰਗ ਜੇਮਸ ਦਾ ਅਨੁਵਾਦ ਅਤੇ ਵਿਦਵਾਨ ਲਾਮਸਾ ਦਾ ਅਨੁਵਾਦ ਦੋਵੇਂ ਹੀ ਪੜੀਏ । ਆਪਣੀ ਤਸੱਲੀ ਦੇ ਲਈ ਅਸੀ ਦੋਵਾਂ ਹੀ ਅਨੁਵਾਦਾਂ ਵਿੱਚ ਹੈਰਾਨੀਜਨਕ ਇਕੋ ਜਿਹੇ ਹੀ ਸ਼ਬਦ ਪਾਉਂਦੇ ਹਾਂ ਅਤੇ ਉਹਨਾ ਦੇ ਸ਼ਬਦਾਂ ਤੇ ਸਿੱਖਿਆ ਵਿੱਚ ਕੋਈ ਵੀ ਫਰਕ ਨਹੀ ਹੈ। ਇਥੋਂ ਅਸੀ ਇਹ ਵੀ ਨਤੀਜਾ ਕੱਢਦੇ ਹਾਂ ਕਿ ਪਰਮੇਸ਼ੁਰ ਨੇ ਨਵੇਂ ਖੋਜੀਆਂ ਦੇ ਲੇਖ ਅਤੇ ਪਹਿਲੇ ਖੋਜ ਦੇ ਲੇਖ ਨੂੰ ਜੋ ਸਾਡੇ ਸਾਹਮਣੇ ਆ ਚੁੱਕੇ ਹਨ ਸਾਡੀਆਂ ਨਜਰਾਂ ਵਿੱਚ ਇਸ ਲਈ ਆਉਣ ਦਿੱਤਾ ਕਿ ਜੋ ਕੁਝ ਸਾਡੇ ਕੋਲ ਹੈ ਉਸ ਦੀ ਮਾਨਤਾ ਸਿੱਧ ਹੋ ਸਕੇ । ਇਸ ਲਈ ਸਾਨੂੰ ਇਹ ਪਤਾ ਲੱਗਦਾ ਹੈ ਕਿ ਤਰਜਮਾ ਕਰਨ ਵਾਲੇ ਆਪਸ ਵਿੱਚ ਝਗੜ ਸਕਦੇ ਹਨ ਪਰ

ਲਿਖਤਾਂ ਇੱਕ ਦੂਸਰੇ ਦੇ ਉਲਟ ਨਹੀਂ ਹਨ।

ਹੁਣ ਤੁਸੀਂ ਵੇਖ ਸਕਦੇ ਹੋ ਕਿ ਤੁਸੀਂ ਅਨੁਵਾਦ ਦਾ ਮੁੱਢ ਜਾਂ ਅਧਾਰ ਵਿਦਵਾਨਾਂ ਦੇ ਉਸ ਭਾਸ਼ਾ ਦੇ ਗੂੜ੍ਹ ਗਿਆਨ ਉਤੇ ਨਹੀਂ ਧਰ ਸਕਦੇ ਜਿਹਦੇ ਵਿੱਚ ਬਾਈਬਲ ਲਿਖੀ ਗਈ ਸੀ। ਜੇ ਤੁਹਾਡੇ ਮਨ ਦੀਆਂ ਅੱਖਾਂ ਉਤੇ ਰਸਮਾਂ ਦਾ ਪੜਦਾ ਪਿਆ ਹੋਇਆ ਤੇ ਤੁਸੀਂ ਅਜੇ ਵੀ ਨਹੀਂ ਵੇਖ ਸਕਦੇ ਤਾਂ ਇੱਕ ਹੋਰ ਉਦਾਹਰਣ ਜਾਂ ਆਖਰੀ ਮਿਸਾਲ ਪੇਸ਼ ਕੀਤੀ ਜਾਂਦੀ ਹੈ। ਇਸ ਵਿੱਚ ਕਿਸੇ ਨੂੰ ਵੀ ਸ਼ੱਕ ਨਹੀਂ ਹੈ ਕਿ ਜਿਨਾਂ ਸ਼ਬਦਾਂ ਵਿੱਚ ਪੁਰਾਣਾ ਨੇਮ ਲਿਖਿਆ ਗਿਆ ਸੀ ਸੰਨ ੩੩ ਈਸਵੀ ਦੇ ਗ੍ਰੰਥੀ ਅਤੇ ਫਰੀਸੀ ਅਤੇ ਮਹਾਨ ਵਿਦਵਾਨ ਲੋਕ ਸਹੀ ਢੰਗ ਦੇ ਵਿਆਕਰਣ ਦੇ ਅਸੂਲ ਅਤੇ ਸ਼ਬਦਾਂ ਦਾ ਸਹੀ ਅਰਥ ਜਾਣਦੇ ਸਨ; ਸਾਰੀ ਯੋਗਤਾ ਤੇ ਉਚ ਕੋਟੀ ਦਾ ਗਿਆਨ ਰੱਖਦੇ ਹੋਏ ਵੀ ਪਰਮੇਸ਼ੁਰ ਦਾ ਵਾਇਦਾ ਕੀਤਾ ਹੋਇਆ ਬਚਨ ਜੋ ਉਹਦੇ ਪੁੱਤਰ ਵਿੱਚ ਉਸ ਜਮਾਨੇ ਦੇ ਅੰਦਰ ਪ੍ਰਗਟ ਹੋਇਆ ਸੀ ਉਹਨੂੰ ਉਹ ਗੁਆ ਬੈਠੇ। ਉਥੇ ਉਹਨੂੰ ਉਤਪੱਤ ਤੋਂ ਲੈ ਕੇ ਮਲਾਕੀ ਤਕ ਪੇਸ਼ ਕੀਤਾ ਗਿਆ ਸੀ, ਸਮੁੱਚੇ ਪਾਠ ਉਹਦੇ ਲਈ ਅਤੇ ਉਹਦੇ ਸੇਵਾ ਦੇ ਲਈ ਭੇਂਟ ਕੀਤੇ ਗਏ ਸਨ, ਤਦ ਭੀ ਕੁਝ ਲੋਕਾਂ ਨੂੰ ਛੱਡ ਕੇ ਜਿਹਨਾਂ ਨੂੰ ਆਤਮਾ ਨੇ ਚਾਨਣ ਪਾਇਆ ਸੀ, ਉਹਨਾਂ ਨੇ ਉਹਨੂੰ ਪੂਰੀ ਗਵਾ ਲਿਆ।

ਹੁਣ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ, ਇੱਕ ਇਹੋ ਜਿਹੇ ਨਤੀਜੇ ਤੇ ਜੋ ਅਸਾਂ ਪਹਿਲੇ ਹੀ ਬਚਨ ਦੇ ਅੰਦਰ ਪਾਇਆ ਹੈ। ਅਤੇ ਜਿੰਨਾਂ ਵੀ ਅਸੀਂ ਭਰੋਸਾ ਪੁਰਾਣੇ ਤੋਂ ਪੁਰਾਣੇ ਅਤੇ ਉਤਮ ਲੇਖਾਂ ਦੇ ਲੱਭਣ ਦੇ ਯਤਨ ਵਿੱਚ ਕਰਦੇ ਤਾਂ ਕਿ ਸਾਨੂੰ ਸਭ ਤੋਂ ਵਧੀਆ ਜਿੰਨਾਂ ਵੀ ਸੰਭਵ ਹੋ ਸਕੇ ਬਚਨ ਦਾ ਰਿਕਾਰਡ ਮਿਲੇ, ਪਰ ਅਸੀਂ ਕਦੇ ਵੀ ਇਹਦਾ ਸਹੀ ਉਲੱਥਾ ਅਤੇ ਅਰਥ ਅਧਿਐਨ ਅਤੇ ਲਿਖਤਾਂ ਦੀ ਤੁਲਨਾ ਦੇ ਨਾਲ ਕਦੇ ਨਹੀਂ ਪਾ ਸਕਦੇ, ਅਸੀਂ ਭਾਵੇਂ ਕਿੰਨੇ ਵੀ ਖਰੇ ਤੇ ਈਮਾਨਦਾਰ ਕਿਉਂ ਨਾ ਹੋਈਏ। ਅਤੇ ਇਸ ਅਰਥ ਨੂੰ ਪਾਉਣ ਲਈ ਸਾਨੂੰ ਪਰਮੇਸ਼ੁਰ ਦੇ ਕੋਲੋਂ ਪਰਕਾਸ਼ ਲੈਣ ਦੀ ਜਰੂਰਤ ਹੈ। ਅਤੇ ਬਿਲਕੁਲ ਠੀਕ ਏਦਾਂ ਹੀ ਪੌਲੁਸ ਨੇ ਵੀ ਆਖਿਆ ਹੈ। ੧ ਕੁਰਿੰਥੀਆਂ ੨:੧੩, " ਅਸੀਂ ਇੰਨਾਂ ਗੱਲਾਂ ਨੂੰ ਮਾਣਸ ਗਿਆਨ ਦਿਆਂ ਦੱਸਿਆਂ ਹੋਇਆ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦਿਆ ਦੱਸਿਆ ਹੋਇਆਂ ਸ਼ਬਦਾਂ ਨਾਲ ਅਰਥਾਤ ਆਤਮਕ ਗੱਲਾਂ ਆਤਮਕ ਮਨੁੱਖਾਂ ਨੂੰ ਦੱਸਦੇ ਹਾਂ।" ਸੱਚਾ ਪਰਕਾਸ਼ ਉਹ ਹੈ ਕਿ ਪਰਮੇਸ਼ੁਰ ਆਪਣੇ ਬਚਨ ਦਾ ਆਪ ਅਨੁਵਾਦ ਕਰਕੇ ਇਹ ਸਾਬਤ ਕਰੇ ਕਿ ਕੀ ਵਾਇਦਾ ਕੀਤਾ ਗਿਆ ਹੈ।

ਹੁਣ ਕੋਈ ਜਣਾ ਜੋ ਕੁਝ ਮੈਂ ਆਖਿਆ ਇਹਦਾ ਕੋਈ ਗਲਤ ਅਰਥ ਕੱਢ ਕੇ ਕੁਰਾਹੇ ਨਾ ਪੈ ਜਾਵੇ ਤੇ ਇਹ ਨਾ ਸੋਚਣਾ ਸ਼ੁਰੂ ਕਰੇ ਕਿ ਮੈਂ ਬਚਨ ਦੀ ਸਚਾਈ ਵਿੱਚ ਨਿਹਚਾ ਨਹੀਂ ਜੋ ਜਿਦਾਂ ਕਿ ਇਹ ਸਚਾਈ ਹੁਣ ਸਾਡੇ ਕੋਲ ਹੈ। ਮੈਂ ਨਿਹਚਾ ਕਰਦਾ ਹਾਂ ਕਿ ਇਹ ਬਾਈਬਲ ਠੀਕ ਤੇ ਸੱਚੀ ਹੈ। ਅਤੇ ਜਦ ਯਿਸੂ ਧਰਤੀ ਉਤੇ ਸੀ ਤਾਂ ਉਹਨੇ ਪੁਰਾਣੇ ਨੇਮ ਨੂੰ ਪੂਰੀ ਮਾਨਤਾ ਦਿੱਤੀ, ਅਤੇ ਇਹ ਪੁਰਾਣਾ ਨੇਮ ਉਦਾਂ ਹੀ ਲਿਖਿਆ ਗਿਆ ਸੀ ਜਿਦਾਂ ਕਿ ਸਾਡਾ ਨਵਾਂ ਨੇਮ ਲਿਖਿਆ ਗਿਆ ਹੈ। ਇਹਦੇ ਬਾਰੇ ਵਿੱਚ ਕੋਈ ਗਲਤੀ ਨਾ ਕਰੋ ਸਾਡੇ ਕੋਲ ਅੱਜ ਨਾ ਗਲਤੀ ਕਰਨ (ਭੁਲ ਨਾ ਕਰਨ ਵਾਲਾ) ਪਰਮੇਸ਼ੁਰ ਦਾ ਬਚਨ ਹੈ, ਅਤੇ ਕੋਈ ਮਨੁੱਖ ਵੀ ਇਹਦੇ ਵਿੱਚ ਘਟਾਉਣ ਜਾਂ ਵਧਾਉਣ ਦੀ ਹਿੰਮਤ ਨਹੀਂ ਕਰਦਾ। ਅਤੇ ਸਾਨੂੰ ਅੱਜ ਇਸ ਬਚਨ ਨੂੰ ਸਿਖਣ ਦੇ ਲਈ ਉਸੇ ਹੀ ਆਤਮਾ ਦੀ ਲੋੜ ਹੈ ਜਿਹਨੇ ਇਹ ਬਚਨ ਲਿਖਿਆ।

ਆਹ, ਕਿੰਜ ਸਾਨੂੰ ਆਤਮਾ ਦੇ ਦੁਆਰਾ ਪਰਕਾਸ਼ ਦੀ ਲੋੜ ਹੈ। ਸਾਨੂੰ ਅੱਜ ਨਵੀਂ ਬਾਈਬਲ ਦੀ ਲੋੜ ਨਹੀਂ ਹੈ, ਸਾਨੂੰ ਅੱਜ ਨਵੇਂ ਅਨੁਵਾਦ ਦੀ ਲੋੜ ਨਹੀਂ? ਭਾਵੇਂ ਕੁਝ ਅਨੁਵਾਦ ਬਹੁਤ ਹੀ ਚੰਗੇ ਹਨ, ਅਤੇ ਮੈਂ ਉਹਨਾ ਦੇ ਵਿਰੁੱਧ ਨਹੀਂ ਹਾਂ, ਪਰ ਸਾਨੂੰ ਤਾਂ ਆਤਮਾ ਦੇ ਪਰਕਾਸ਼ ਦੀ ਲੋੜ ਹੈ। ਅਤੇ ਪਰਮੇਸ਼ੁਰ ਦਾ ਧੰਨਵਾਦ ਹੋਵੇ ਕਿ ਸਾਨੂੰ ਜਿਹਦੀ ਲੋੜ ਹੈ ਉਹ ਅਸੀਂ ਲੈ ਸਕਦੇ ਹਾਂ, ਕਿਉਂਕਿ ਪਰਮੇਸ਼ੁਰ ਆਪਣਾ ਬਚਨ ਆਪਣੇ ਆਤਮਾ ਦੇ ਨਾਲ ਸਾਡੇ ਉੱਤੇ ਪਰਗਟ ਕਰਨਾ ਚਾਹੁੰਦਾ ਹੈ।

ਕਾਸ਼ ਕਿ ਪਰਮੇਸ਼ੁਰ ਆਪਣੇ ਆਤਮਾ ਦੁਆਰਾ ਸਾਨੂੰ ਲਗਾਤਾਰ ਜੀਉਣ ਬਖਸ਼ੇ ਅਤੇ ਜਿੱਤ ਪਾਉਣ ਵਾਲਾ ਪਰਕਾਸ਼ ਦਵੇ। ਆਹ ਕਾਸ਼ ਕਿ ਜੇ ਕਲੀਸੀਯਾ ਤਾਜਾ ਪਰਕਾਸ਼ ਪਾ ਸਕੇ, ਅਤੇ ਇਹਦੇ ਰਾਹੀਂ ਜੀਉਂਦਾ ਪਰਗਟ ਹੋਇਆ ਬਚਨ ਬਣ ਸਕੇ, ਤਾਂ ਅਸੀਂ ਵਧੇਰੇ ਕੰਮ ਕਰ ਸਕਾਂਗੇ ਅਤੇ ਆਪਣੇ ਸੁਰਗੀ ਪਿਤਾ ਅਤੇ ਪਰਮੇਸ਼ੁਰ ਦੀ ਵਡਿਆਈ ਅਤੇ ਮਹਿਮਾ ਕਰਾਂਗੇ।

ਐਸ ਡੈਨੀਅਲ ਸਮਪਤ ਕੁਮਾਰ
ਡੀ ਓ ਨੰਬਰ 147
ਥਿਰੂਨੀਲਾ ਕਲੋਨੀ
ਵਿਚੋਰ,,, ਚਿਨਈ 600103




**S.DANIEL SAMPATH KUMAR**

*No. 147, Thirunilai colony ,*
*vichoor post , chennai - 600 103*

*E-Mail : sdanielsampathkumar@gmail.com*
*Website : danielendtimebooksministry.org*
*Phone No :* 99419 74213 , 96001 71260